ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

3

## ਕਲਿ ਤਾਰਣਿ ਗੁਰੁ ਨਾਨਕ ਆਇਆ

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਨਿ ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ।

(ਵਾਰ ੧, ਪਉੜੀ ੩੯)

ਅੱਧ-ਮਾਸਕ ਪੱਤਰ ਸੂਰਾ * ੨੦ ਅਗਸਤ ੧੯੭੦

www.AKJ.Org

ਲੇਖ-ਸੂਚੀ


| ਲੇਖ | ਪੰਨਾ | ਲੇਖਕ |
|---|---|---|
| ਹਠ ਜੋਗ ਦੇ ਮੁਕਾਬਲੇ ਸਹਿਜ ਜੋਗ | ੧ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਸਿਖ ਤੇ ਮੂਰਤਿ ਪੂਜਾ | ੧੨ | ਭਾ: ਗੁਰਮੁਖ ਸਿੰਘ ਜੀ ਕਾਨ੍ਹਪੁਰ |
| ਖਾਲਸਈ ਰਹਿਤ ਦਾ ਅੰਗ ਸੁਚੱਜੀ ਕੇਸਕੀ | ੧੭ | ਸ: ਅਮਰਜੀਤ ਸਿੰਘ, ਦਾਰਜੀਲਿੰਗ (ਬੰਗਾਲ) |
| ਨਨਕਾਣੇ ਸਾਹਿਬ ਦਾ ਸਾਕਾ | ੨੧ | ਸ: ਜਸਮੇਰ ਸਿੰਘ 'ਪਾਲ' |
| ਮਨ ਕੇ ਅਧਿਕ ਤਰੰਗ, ਕਿਉ ਦਰ ਸਾਹਿਬ ਛੁਟੀਐ | ੨੫ | ਪ੍ਰਿੰ: ਮੇਹਰ ਸਿੰਘ ਜੀ ਡੇਹਰਾਦੂਨ |
| ਸੂਰਨ ਰੰਗੀ ਭਾਈ ਸਰਵਣ ਸਿੰਘ | ੨੯ | ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ |
| ਪੰਥ ਦੇ ਲੀਡਰਾਂ ਪ੍ਰਤੀ | ੩੩ | ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ |
| ਬ੍ਰਹਮ-ਵੀਚਾਰ ਦੇ ਢੰਗ | ੩੫ | ਗਿ: ਦਲਜੀਤ ਸਿੰਘ 'ਕਮਲ' ਦਿਲੀ |
| ਕੀ ਸਾਡੀ ਮੰਜ਼ਲ ਖੋ ਗਈ ? | ੩੯ | ਭਾਈ ਗਿਆਨ ਸਿੰਘ ਜੀ 'ਸਿੰਦਰੀ' |


## ਹੋ ਚੁਕੇ ਅਖੰਡ ਕੀਰਤਨ ਸਮਾਗਮ

ਮਿਤੀ 29.7.70 ਨੂੰ ਵਡਾ ਗੁਰਦਵਾਰਾ ਧਨਬਾਦ ਵਿਖੇ

ਮਿਤੀ 12.8.70 ਨੂੰ ਗੁਰਦਵਾਰਾ ਝਰਿਆ ਵਿਖੇ

ਮਿਤੀ 15.8.70 ਨੂੰ ਸ: ਸਰਦੂਲ ਸਿੰਘ, ਸ: ਨਰਿੰਦਰ ਸਿੰਘ ਭਾਟੀਆ ਠੇਕੇਦਾਰ ਗਊਸ਼ਾਲਾ ਸਿੰਦ੍ਰੀ ਵਿਖੇ ਹੋਇਆ। ਜਿਸ ਵਿਚ ਸਿੰਦਰੀ, ਪਾਥਰਡੀ, ਡਿਗਵਾਡੀ ਤੇ ਧਨਬਾਦ ਦੇ ਕੀਰਤਨੀ ਜਥਿਆਂ ਨੇ ਹਿਸਾ ਲਿਆ ਤੇ ਕੀਰਤਨ ਦੀਆਂ ਘੁਮਰਾਂ ਪਾਈਆਂ।

(ਸਫਾ ੩੯ ਦੀ ਬਾਕੀ)

ਦੀ ਲੜਕੀ ਜੋ ਕਿ ਵਜ਼ੀਰ ਦੇ ਲੜਕੇ ਨਾਲ ਰਾਤੋ ਰਾਤ ਘਰੋਂ ਚੁਪ ਚਾਪ ਭਜ ਕੇ ਲਾਹੌਰ ਜਾ ਰਹੀ ਸੀ।

ਇਹ ਸੀ ਇਕ ਅੰਮ੍ਰਿਤਧਾਰੀ ਰਹਿਤਵਾਨ ਜਾਗਤ ਜੋਤ ਨੂੰ ਜਪਨ ਵਾਲੇ ਦੀ ਸਾਖੀ, ਇਹ ਸਭ ਸਿਫਤਾਂ ਉਸਨੂੰ ਕਲਗੀਆਂ ਵਾਲੇ ਦੇ ਅੰਮ੍ਰਿਤ ਦੇ ਬਾਟੇ ਤੋਂ ਪ੍ਰਾਪਤ ਹੋਈਆਂ ਸਨ।

ਆਉ ਹੁਣ ਤਸਵੀਰ ਦਾ ਦੂਜਾ ਪਾਸਾ ਵੀ ਵਿਚਾਰੀਏ। ਅਜ ਗੁਰਮਤਿ ਤੋਂ ਘੁਥੇ ਮਨਮਤੀਏ ਸਿਖਾਂ ਦੀ ਬਹਾਦਰੀ ਕੀ ਹੈ ? ਸਾਨੂੰ ਪਤਾ ਲਗਾ ਹੈ ਪਾਕਿਸਤਾਨ ਦੇ ਪੰਜਾਬ ਦੇ ਹਮਲੇ ਸਮੇਂ ਸਾਡੀ ਮਿਲਟਰੀ ਨੇ ਬਾਰਡਰ ਦੇ ਇਲਾਕੇ ਦੇ ਲੋਕਾਂ ਨੂੰ ਹੁਕਮ ਦਿਤਾ ਕਿ ਤੁਸੀਂ ਬਾਰਡਰ ਦੇ ਲਾਗੇ ਦੇ ਕੁਝ ਪਿੰਡ ਖਾਲੀ ਕਰ ਦਿਉ। ਮੁਸੀਬਤ ਦੇ ਮਾਰਿਆਂ ਲੋਕਾਂ ਨੇ ਆਪਣੇ ਘਰ ਬਾਰ ਛੱਡ ਕੇ ਲਾਗੇ ਦਿਆਂ ਪਿੰਡਾਂ ਵਿਚ ਸ਼ਰਨ ਲਈ। ਜਿਨ੍ਹਾਂ ਪਿੰਡਾਂ ਵਿਚ ਜਾ ਕੇ ਸ਼ਰਨ ਲਈ ਉਹਨਾਂ ਪਿੰਡਾਂ ਦੇ ਲੋਕਾਂ ਨੇ ਸ਼ਰਨਾਰਥੀਆਂ ਦੇ ਘਰਾਂ ਦਾ ਸਾਮਾਨ ਲੁਟ ਕੇ ਆਪਣੇ ਘਰਾਂ ਨੂੰ ਲੈ ਆਂਦਾ। ਕਿਥੇ ਇਹਨਾਂ ਦੀ ਸੇਵਾ ਕਰਨੀ ਸੀ ਉਲਟਾ ਉਹਨਾਂ ਦਾ ਸਾਮਾਨ ਲੁਟਨਾ ਸ਼ੁਰੂ ਕਰ ਦਿਤਾ। ਅਜ ਅਸੀਂ ਸਵਾਰਥੀ ਲੋਕੀ ਪੈਸੇ ਵਾਸਤੇ ਬੁਰੇ ਤੋਂ ਬੁਰਾ ਕੰਮ ਵੀ ਕਰਨ ਲਈ ਤਿਆਰ ਹਾਂ। ਸਾਡੇ ਕੋਲ ਗੁਰਮਤ ਨਹੀਂ, ਖੰਡੇ ਦਾ ਅੰਮ੍ਰਿਤ ਨਹੀਂ, ਸਿਮਰਣ ਨਹੀਂ, ਬਾਣੀ ਨਹੀਂ, ਗੁਰੂ ਨਹੀਂ।

ਸ਼੍ਰੋ: ਗੁ: ਪ੍ਰਬੰਧਕ ਕਮੇਟੀ ਤੇ ਚੀਫ ਖਾਲਸਾ ਦੀਵਾਨ ਤੇ ਹੋਰ ਗੁਰਦਵਾਰਾ ਕਮੇਟੀਆਂ, ਸਿੰਘ ਸਭਾਵਾਂ, ਜ਼ਰੂਰੀ ਕੰਮ ਛੱਡ ਕੇ ਹੋਰ ਕੰਮਾਂ ਵਲ ਤੁਰ ਪਏ ਹਨ ਪਰ ਇਹਨਾਂ ਸਭ ਸੰਸਥਾਵਾਂ ਨੂੰ ਅਕਾਲੀ ਲਹਿਰ ਵਾਂਗੂ ਹੁਣ ਵੀ ਇਕ ਇਕ ਸਿਖ ਨੂੰ ਸਿੰਘ ਸਜਾਉਣ ਦਾ ਬੀੜਾ ਉਠਾ ਲੈਣਾ ਚਾਹੀਦਾ ਹੈ ਤਾਂਕਿ ਮਾਸ ਸ਼ਰਾਬ ਆਦਿ ਵਿਸ਼ਿਆਂ ਤੋਂ ਛੁਟਕਾਰਾ ਪਾ ਸਕਣ। ਅਸੀਂ ਖੰਡੇ ਧਾਰ ਪਾਹੁਲ ਛੱਕ ਕੇ ਸਤਿਗੁਰਾਂ ਦੇ ਸਚਿਆਰੇ ਸਿੰਘ ਸਜ ਜਾਈਏ। ਸਿਖ ਜਗਤ ਨੂੰ ਇਕ ਮਾਲਾ ਵਿਚ ਪਰੋ ਲਿਆ ਜਾਵੇ

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

*

## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੨੦ ਅਗਸਤ ਮੁਤਾਬਕ ੫ ਭਾਦਰੋਂ ੫੦੧ ਨਾਨਕ ਸ਼ਾਹੀ [ ਅੰਕ ੧੩


ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ ॥

(ਬਾਰਹਮਾਹਾ ਮਾਝ ਮਹਲਾ ੫, ਘਰੁ ੪)


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਅਖੰਡ ਕੀਰਤਨੀ ਜਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ

# ਪਰਚਾਰ ਦੌਰੇ ਦਾ ਪ੍ਰੋਗਰਾਮ

## ਪਟਿਆਲੇ ਤੋਂ ਜੱਥਾ ੮ ਅਕਤੂਬਰ ਨੂੰ ਚਲਕੇ ੧ ਨਵੰਬਰ ਨੂੰ ਵਾਪਸ ਪਰਤੇਗਾ

### – ਦਿਲੀ ਦੇ ਸਾਲਾਨਾ ਸਮਾਗਮ ਤੋਂ ਯਾਤਰਾ ਆਰੰਭ –

ਅਖੰਡ ਕੀਰਤਨੀ ਜੱਥਾ ਪਟਿਆਲਾ ਨੂੰ ਸੰਗਤਾਂ ਵਲੋਂ ਵਖੋ ਵਖਰੇ ਥਾਵਾਂ ਤੋਂ ਸਮਾਗਮਾਂ ਲਈ ਪੁਜ ਰਹੇ ਹੁਕਮਨਾਮਿਆਂ ਦੀ ਪੂਰਤੀ ਨਾ ਹੋ ਸਕਣ ਦੀ ਮਜਬੂਰੀ ਪਰ ਸੰਗਤਾਂ ਦੀ ਮੰਗ ਕਾਰਨ, ਭਾਰਤ ਯਾਤਰਾ ਦਾ ਇਕ ਪਰੋਗਰਾਮ ਬਣਾ ਕੇ ਪਿਛਲੇ 'ਸੂਰਾ' ਦੇ ਪਰਚਿਆਂ ਵਿਚ ਦਿਤਾ ਗਿਆ ਸੀ, ਜਿਸ ਲਈ ਥਾਂ ਥਾਂ ਤੋਂ ਸੰਗਤਾਂ ਵਲੋਂ ਪ੍ਰਵਾਨਗੀ ਪਤ੍ਰਾਂ ਤੋਂ ਇਲਾਵਾ ਜੋ ਹੁਕਮਨਾਮੇ ਪੁਜੇ ਹਨ ਉਹਨਾਂ ਮੁਤਾਬਕ ਜੇ ਪਰੋਗਰਾਮ ਬਣਾਇਆ ਤੇ ਨਿਭਾਇਆ ਜਾਵੇ ਤਾਂ ਦੋ ਮਹੀਨੇ ਦਾ ਦੌਰਾ ਇਕ ਪਾਸੇ ਦਾ ਬਣ ਜਾਂਦਾ ਹੈ ।

ਸਮੂੰਹ ਸੰਗਤਾਂ ਤੋਂ ਖਿਮਾਂ ਮੰਗਦਿਆਂ ਹੋਇਆਂ ਖ਼ਾਸ ਕਰਕੇ ਉਹਨਾਂ ਸ਼ਹਿਰਾਂ ਦੀਆਂ ਸੰਗਤਾਂ ਤੋਂ ਜਿਨ੍ਹਾਂ ਦੇ ਬਹੁਤ ਹੀ ਕਰੜੇ ਤੇ ਤਾਕੀਦੀ ਹੁਕਮਨਾਮੇ ਸਨ ਪਰ ਪਰੋਗਰਾਮ ਰਖੇ ਨਹੀਂ ਜਾ ਸਕੇ, ਸੋਚ ਵਿਚਾਰ ਕੇ ਹੇਠ ਲਿਖੇ ਅਨੁਸਾਰ ਪਰੋਗਰਾਮ ਬਣਾਇਆ ਗਿਆ ਹੈ, ਆਸ਼ਾ ਹੈ ਸਬੰਧਤ ਥਾਵਾਂ ਦੀਆਂ ਸੰਗਤਾਂ ਪ੍ਰਵਾਨ ਕਰਨਗੀਆਂ ਅਤੇ ਜੋ ਸ਼ਹਿਰ ਰਹਿ ਗਏ ਹਨ ਅਤੇ ਜਿਨ੍ਹਾਂ ਵਲੋਂ ਵਧੇਰੇ ਸਮੇਂ ਦੀ ਮੰਗ ਹੈਸੀ ਉਹ ਸੇਵਕਾਂ ਨੂੰ ਖਿਮਾਂ ਕਰਨਗੇ ।

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਵਾਰ | ਦੇਸੀ ਤਾਰੀਖ਼ | ਪਹੁੰਚ ਦਾ ਸਮਾਂ |
|---|---|---|---|---|---|
| ਪਟਿਆਲੇ ਤੋਂ ਦਿਲੀ | 6 ਵਜੇ ਸ਼ਾਮ | 8.10.70 | ਵੀਰਵਾਰ | 23 ਅੱਸੂ | 11 ਵਜੇ ਸ਼ਾਮ |
| ਦਿਲੀ ਠਹਿਰਾਉ | — | 9.10.70 | ਸ਼ੁਕਰਵਾਰ | 24 ਅੱਸੂ | — |
| — | — | 01.10.70 | ਸ਼ਨੀਵਾਰ | 25 ਅੱਸੂ | — |
| ਦਿਲੀ ਤੋਂ ਜੈਪੁਰ | 9 ਵਜੇ ਸਵੇਰੇ | 11.10.70 | ਐਤਵਾਰ | 26 ਅੱਸੂ | 4 ਵਜੇ ਸ਼ਾਮ |
| ਜੈਪੁਰ ਤੋਂ ਕੋਟਾ | 8 ਵਜੇ ਸਵੇਰੇ | 12.10.70 | ਸੋਮਵਾਰ | 27 ਅੱਸੂ | 4 ਵਜੇ ਸ਼ਾਮ |
| ਕੋਟਾ ਠਹਿਰਾਉ | — | 13.10.70 | ਮੰਗਲਵਾਰ | 28 ਅੱਸੂ | — |
| ਕੋਟਾ ਤੋਂ ਬੜੌਦਾ | 4 ਵਜੇ ਸਵੇਰੇ | 14.10.70 | ਬੁਧਵਾਰ | 29 ਅੱਸੂ | 6 ਵਜੇ ਸ਼ਾਮ |
| ਬੜੌਦਾ ਤੋਂ ਬੰਬਈ | 8 ਵਜੇ ਸਵੇਰੇ | 15.10.70 | ਵੀਰਵਾਰ | 30 ਅੱਸੂ | 7 ਵਜੇ ਸ਼ਾਮ |
| ਬੰਬਈ ਠਹਿਰਾਉ | — | 16.10.70 | ਸ਼ੁਕਰਵਾਰ | 31 ਅੱਸੂ | — |

www.AKJ.Org

| | | | | | |
|---|---|---|---|---|---|
| — | — | 17.10.70 | ਸ਼ਨੀਵਾਰ | 1 ਕਤਕ | — |
| ਬੰਬਈ ਤੋਂ ਪੂਨਾ | 11 ਵਜੇ ਸਵੇਰੇ | 18.10.70 | ਐਤਵਾਰ | 2 ਕਤਕ | 3 ਵਜੇ ਸ਼ਾਮ |
| ਪੂਨਾ ਠਹਿਰਾਉ | — | 19.10.70 | ਸੋਮਵਾਰ | 3 ਕਤਕ | — |
| ਪੂਨਾ ਤੋਂ ਹਜ਼ੂਰ ਸਾਹਿਬ | 6 ਵਜੇ ਸਵੇਰੇ | 20.10.70 | ਮੰਗਲਵਾਰ | 4 ਕਤਕ | 4 ਵਜੇ ਸ਼ਾਮ |
| ਹਜ਼ੂਰ ਸਾਹਿਬ ਠਹਿਰਾਉ | — | 21.10.70 | ਬੁਧਵਾਰ | 5 ਕਤਕ | — |
| ਹਜ਼ੂਰ ਸਾਹਿਬ ਤੋਂ ਇੰਦੌਰ | 5 ਵਜੇ ਸਵੇਰੇ | 22.10.70 | ਵੀਰਵਾਰ | 6 ਕਤਕ | 5 ਵਜੇ ਸ਼ਾਮ |
| ਇੰਦੌਰ ਤੋਂ ਭੋਪਾਲ | 1 ਵਜੇ ਦੁਪਹਿਰ | 23.10.70 | ਸ਼ੁਕਰਵਾਰ | 7 ਕਤਕ | 6 ਵਜੇ ਸ਼ਾਮ |
| ਭੋਪਾਲ ਠਹਿਰਾਉ | — | 24.10.70 | ਸ਼ਨੀਵਾਰ | 8 ਕਤਕ | — |
| ਭੋਪਾਲ ਤੋਂ ਗਵਾਲੀਅਰ | 6 ਵਜੇ ਸਵੇਰੇ | 25.10.70 | ਐਤਵਾਰ | 9 ਕਤਕ | 5 ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | 12 ਵਜੇ ਦੁਪਹਿਰ | 26.10.70 | ਸੋਮਵਾਰ | 10 ਕਤਕ | 6 ਵਜੇ ਸ਼ਾਮ |
| ਆਗਰਾ ਤੋਂ ਮਥਰਾ | 3 ਵਜੇ ਸ਼ਾਮ | 27.10.70 | ਮੰਗਲਵਾਰ | 11 ਕਤਕ | 5 ਵਜੇ ਸ਼ਾਮ |
| ਮਥਰਾ ਤੋਂ ਮੇਰਠ | 11 ਵਜੇ ਸਵੇਰੇ | 28.10.70 | ਬੁਧਵਾਰ | 12 ਕਤਕ | 6 ਵਜੇ ਸ਼ਾਮ |
| ਮੇਰਠ ਠਹਿਰਾਉ | — | 29.10.70 | ਵੀਰਵਾਰ | 13 ਕਤਕ | — |
| ਮੇਰਠ ਤੋਂ ਹਰਿਦੁਆਰ | 10 ਵਜੇ ਸਵੇਰੇ | 30.10.70 | ਸ਼ੁਕਰਵਾਰ | 14 ਕਤਕ | 3 ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | 12 ਵਜੇ ਦੁਪਹਿਰ | 31.10.70 | ਸ਼ਨੀਵਾਰ | 15 ਕਤਕ | 5 ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | 12 ਵਜੇ ਦੁਪਹਿਰ | 1.11.70 | ਐਤਵਾਰ | 16 ਕਤਕ | 4 ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | 9 ਵਜੇ ਰਾਤ | 1.11.70 | ਐਤਵਾਰ | 16 ਕਤਕ | 12 ਵਜੇ ਰਾਤ |

ਨੋਟ :—1. ਸੰਗਤਾਂ ਪ੍ਰਤੀ ਜਾਣਕੇ ਪ੍ਰਸੰਨਤਾ ਹੋਵੇਗੀ ਕਿ ਇਸ ਪ੍ਰਚਾਰ ਦੌਰੇ ਲਈ ਸ੍ਰੀਮਾਨ ਗੁਰਮੁਖ ਪਿਆਰੇ ਬਾਬੂ ਮਲ ਸਿੰਘ ਜੀ, ਗੁਰੂ ਕੇ ਕੀਰਤਨੀਏ ਭਾਈ ਜੀਵਣ ਸਿੰਘ ਜੀ ਲੁਧਿਆਣਾ ਅਤੇ ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਦਿਲੀ ਦੀਆਂ ਪ੍ਰਵਾਨਗੀਆਂ ਲੈ ਲਈਆਂ ਗਈਆਂ ਹਨ ।

ਗੁਰੂ ਕੇ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ 'ਤਲਵਾੜਾ', ਭਾਈ ਮੇਹਰ ਸਿੰਘ ਜੀ 'ਦਿਲੀ' ਅਤੇ ਭਾਈ ਨੌਹਰੀਆ ਸਿੰਘ ਜੀ 'ਕਾਲਕਾ' ਤੋਂ ਭੀ ਪ੍ਰਵਾਨਗੀ ਦੀ ਪੂਰੀ ਪੂਰੀ ਆਸ ਹੈ ।

2. ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖ ਪ੍ਰਬੰਧਕਾਂ ਨੂੰ ਹੋਵੇਗਾ ।

ਹਰ ਪ੍ਰਕਾਰ ਦੀ ਪੁਛ ਗਿਛ ਲਈ :—
ਭਾਈ ਮਹਿੰਦਰ ਸਿੰਘ
12–ਈ, ਮਾਲਵਾ ਕਾਲੋਨੀ,
(ਨਿਊ ਮੋਤੀ ਪੈਲਸ ਦੇ ਪਿਛਲੇ ਪਾਸੇ) ਪਟਿਆਲਾ

ਦਾਸਰੇ–
ਅਖੰਡ ਕੀਰਤਨੀ ਜਥਾ,
ਪਟਿਆਲਾ

www.AKJ.Org

# ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ (ਜ਼ਿਲਾ ਗੁਰਦਾਸਪੁਰ) ਵਿਖੇ ਭਾਰੀ ਅਖੰਡ ਕੀਰਤਨ ਸਮਾਗਮ

ਪਿਆਰੀ ਸਾਧ ਸੰਗਤ ਜੀ,

ਹਰ ਸਾਲ ਬਟਾਲਾ ਜ਼ਿਲਾ (ਗੁਰਦਾਸਪੁਰ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਪਟਿਆਲਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਹੋਰ ਦੂਰ ਦੂਰ ਦੇ ਜਥਿਆਂ ਨੇ ਪਹੁੰਚਣ ਦੀ ਪ੍ਰਵਾਨਗੀ ਦੇ ਦਿਤੀ ਹੈ। ਇਸ ਵਿਚ ਕੁਝ ਕੀਰਤਨ ਸਮਾਗਮ ਬਟਾਲੇ ਤੋਂ ਬਾਹਰ ਡੇਹਰਾ ਬਾਬਾ ਨਾਨਕ ਅਤੇ ਅਚੱਲ ਬਟਾਲੇ ਭੀ ਹੋਣਗੇ ਜੋ ਕਿ ਇਤਿਹਾਸਕ ਗੁਰਦੁਵਾਰੇ ਹਨ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਅਚੱਲ ਬਟਾਲੇ ਦੀ ਸਿਧਾਂ ਨਾਲ ਹੋਈ ਗੋਸ਼ਟ ਬਾਰੇ ਲਿਖਿਆ ਹੈ :—

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚੱਲ ਬਟਾਲੇ ਆਈ।

ਅਚਲ ਸਾਹਿਬ ਬਟਾਲਾ ਤੋਂ ਸਾਡੇ 4 ਮੀਲ ਦੂਰ ਹੈ, ਆਉਣ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਗੁਰਦੁਆਰਾ ਕੰਧ ਸਾਹਿਬ ਜੋ ਬਟਾਲੇ ਵਿਖੇ ਹੀ ਹੈ। ਜਿਥੇ ਕਿ ਗੁਰੂ ਨਾਨਕ ਦੇਵ ਜੀ ਦਾ ਅਨੰਦ ਕਾਰਜ ਸੰਸਾਰ ਤੋਂ ਅਲੌਕਿਕ ਢੰਗ ਨਾਲ ਹੋਇਆ ਇਹ ਉਹ ਅਸਥਾਨ ਹੈ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਜ਼ਸ਼ ਅਧੀਨ ਬਿਠਾਇਆ ਗਿਆ ਉਸ ਕੰਧ ਨੂੰ 4 ਜੁਗ ਰਹਿਣ ਦਾ ਵਰ ਮਿਲਿਆ ਜੋ ਬਿਲਕੁਲ ਡਿਗਣ ਵਾਲੀ ਕੱਚੀ ਕੰਧ ਸੀ।

## ਡੇਹਰਾ ਬਾਬਾ ਨਾਨਕ

ਇਹ ਅਸਥਾਨ ਬਟਾਲੇ ਤੋਂ 18 ਮੀਲ ਪਾਕਿਸਤਾਨ ਸਰਹਦ ਉਤੇ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨਾਲ ਗੋਸਟ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦਾ ਚੋਲਾ ਭੀ ਇਥੇ ਮੌਜੂਦ ਹੈ ਜਿਸ ਦੇ ਦਰਸ਼ਨ ਭੀ ਸੰਗਤ ਨੂੰ ਕਰਾਏ ਜਾਣਗੇ। ਇਥੇ ਭੀ ਆਉਣ ਜਾਣ ਦਾ ਪ੍ਰਬੰਧ ਕੀਤਾ ਜਾਵੇਗਾ।

## * ਪ੍ਰੋਗਰਾਮ ਦਾ ਵੇਰਵਾ *

5-9-70 ਅੰਮ੍ਰਿਤ ਵੇਲੇ ਕੀਰਤਨ ਆਸਾ ਜੀ ਦੀ ਵਾਰ 5 ਵਜੇ ਤੋਂ 8 ਵਜੇ ਤਕ ਪੰਡਾਲ ਵਿਖੇ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ ਜੀ. ਟੀ. ਰੋਡ ਬਟਾਲਾ ਉਪਰੰਤ 8 ਵਜੇ ਪ੍ਰਾਰੰਭ ਸ੍ਰੀ ਅਖੰਡ ਪਾਠ

5-9-70 ਸ਼ਾਮ ਨੂੰ 7 ਤੋਂ 9-30 ਤਕ ਗੁਰਦੁਆਰਾ ਮੁਰਗੀ ਮਹਲਾ

6-9-70 ਡੇਹਰਾ ਬਾਬਾ ਨਾਨਕ ਆਸਾ ਜੀ ਦੀ ਵਾਰ ਅਤੇ ਅਖੰਡ ਕੀਰਤਨ 6 ਤੋਂ 12 ਵਜੇ ਦੁਪਹਿਰ ਤਕ

6-9-70 ਸ਼ਾਮ ਦਾ ਕੀਰਤਨ ਡੇਹਰਾ ਸਾਹਿਬ ਬਟਾਲਾਂ ਵਿਖੇ 7 ਤੋਂ 9-30

7-9-70 ਭੋਗ ਸ੍ਰੀ ਅਖੰਡ ਪਾਠ ਗੁਰੂ ਨਾਨਕ ਖਾਲਸਾ ਹਇਰ ਸੈਕੰਡਰੀ ਸਕੂਲ ਪੰਡਾਲ ਵਿਖੇ 5 ਵਜੇ ਪਵੇਗਾ। ਉਸ ਤੋਂ ਉਪਰੰਤ ਸੰਗਤਾਂ ਗੁਰਦੁਆਰਾ ਕੰਧ ਸਾਹਿਬ ਪਹੁੰਚਣਗੀਆਂ। ਜਿਥੇ 6 ਤੋਂ 12 ਤਕ ਕੀਰਤਨ ਹੋਵੇਗਾ। 7-9-70 ਸ਼ਾਮ ਦਾ ਕੀਰਤਨ 6 ਤੋਂ 9-30 ਅਚੱਲ ਸਾਹਿਬ ਹੋਵੇਗਾ।

8-9-70 ਕੀਰਤਨ ਆਸਾ ਜੀ ਦੀ ਵਾਰ ਪੰਡਾਲ ਗੁਰੂ ਨਾਨਕ ਸਕੂਲ ਵਿਖੇ 5 ਤੋਂ 12 ਵਜੇ ਤਕ

8-9-70 ਅਰੰਭ ਕੀਰਤਨ ਰੈਣ ਸਬਾਈ 8 ਵਜੇ ਸ਼ਾਮ ਤੋਂ 7 ਵਜੇ ਸਵੇਰ ਤਕ ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਹੋਵੇਗੀ।

ਪੁਛ ਗਿਛ ਲਈ—ਭਾਈ ਗੋਪਾਲ ਸਿੰਘ (ਕਢਾਈ ਵਾਲੇ) ਡੇਹਰਾ ਰੋਡ, ਬਟਾਲਾ।

ਦਾਸਰੇ—ਅਖੰਡ ਕੀਰਤਨੀ ਜਥਾ, (ਗੁਰਦਾਸਪੁਰ)



www.AKJ.Org

# ਹਠ ਜੋਗ ਦੇ ਮੁਕਾਬਲੇ ਸਹਿਜ ਜੋਗ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

[ਲੜੀ ਜੋੜਨ ਲਈ 5 ਅਗਸਤ ਦਾ ਪਰਚਾ ਵੇਖੋ]

ਆਸਾ ਮਹਿਲਾ ੧ ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰ ਕਰਿਣੀ ਕਸੁ ਪਾਈਐ ।
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ ।
ਬਾਬਾ ਮਨੁ ਮਤਵਾਰੋ ਨਾਮੁ ਰਸੁ ਪੀਵੈ
ਸਹਜ ਰੰਗ ਰਚਿ ਰਹਿਆ ।
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ
ਸਬਦੁ ਅਨਾਹਦ ਗਹਿਆ । ੧ । ਰਹਾਉ ।
ਪੂਰਾ ਸਾਚੁ ਪਿਆਲਾ ਸਹਜੇ
ਤਿਸਹਿ ਪੀਆਏ ਜਾਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਪਾਰੀ ਹੋਵੈ
ਕਿਆ ਮਦਿ ਛੂਛੈ ਭਾਉ ਧਰੇ ।
ਗੁਰ ਕੀ ਸਾਖੀ ਅੰਮ੍ਰਿਤ ਬਾਣੀ
ਪੀਵਤ ਹੀ ਪ੍ਰਵਾਣੁ ਭਇਆ ।
ਦਰ ਦਰਸਨ ਕਾ ਪ੍ਰੀਤਮੁ ਹੋਵੈ
ਮੁਕਤ ਬੈਕੁੰਠੈ ਕਰੈ ਕਿਆ ।
ਸਿਫਤੀ ਰਤਾ ਸਦਾ ਬੈਰਾਗੀ
ਜੂਐ ਜਨਮੁ ਨ ਹਾਰੈ ।
ਕਹੁ ਨਾਨਕ ਸੁਣਿ ਭਰਥਰ ਜੋਗੀ
ਖੀਵਾ ਅੰਮ੍ਰਿਤ ਧਾਰੈ ।

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਜੋਗੀਆਂ ਦੀ ਸ਼ਰਾਬ ਪੀਣੀ ਵਾਦੀ ਨੂੰ ਖੰਡਣ ਕਰਦੇ ਹੋਏ ਇਕ ਪ੍ਰਕਾਰ ਸੰਸਾਰ ਭਰ ਦੇ ਸਾਰੇ ਸ਼ਰਾਬੀਆਂ ਨੂੰ ਸ਼ਰਾਬ ਪੀਣੇ ਹੋਛੇ ਮਤ ਵਾਲਿਆਂ ਨੂੰ ਸੰਬੋਧਨ ਕਰਕੇ ਕੂੜਾਵੀ ਸ਼ਰਾਬ ਨੂੰ ਨਿੰਦਤ ਗੁਰਦਾਨਿਆਂ ਹੈ ਤੇ ਗੁਰਮਤਿ ਰੂਪੀ ਸਚੀ ਸ਼ਰਾਬ ਨੂੰ ਸਰਾਹਿਆ ਹੈ ਤੇ ਇਸ ਸਚੀ ਸ਼ਰਾਬ ਨੂੰ ਝੂਠੀ ਸ਼ਰਾਬ ਦੇ ਮੁਕਾਬਲੇ ਕਢਣ ਦਾ ਇਸ ਬਿਧ ਯਤਨ ਉਦਮ ਪ੍ਰਤੀਪਾਦਨ ਕੀਤਾ ਹੈ। ਕੂੜਾਵੇ ਸ਼ਰਾਬੀਆਂ ਦੀ ਸ਼ਰਾਬ ਵਿਚ ਗੁੜ ਪੈਂਦਾ ਹੈ ਉਸ ਦੇ ਥਾਉਂ ਸਚੇ ਪਾਤਸ਼ਾਹ ਗੁਰਮਤਿ ਗਿਆਨ ਰੂਪੀ ਸਚਾ ਗੁੜ ਪਾਉਂਦੇ ਹਨ ਅਤੇ ਮਹੂਏ (ਧਾਵੈ) ਨੂੰ ਸਚਾ ਗੁਰਮਤਿ ਧਿਆਨ ਬਣਾਉਂਦੇ ਹਨ, ਭਾਵ ਗੁਰਮਤਿ ਧਿਆਨ ਨੂੰ ਧਾਵੈ (ਮਹੂਏ) ਦੇ ਥਾਉਂ ਵਰਤਦੇ ਹਨ। ਗੁਰਮਤਿ ਅੰਦਰ ਨਾਮ ਅਭਿਆਸ ਰੂਪੀ ਸਚਾ ਧਿਆਨ ਜਮਾਉਣਾ ਮਹੂਏ ਰੂਪੀ ਧਾਵੈ ਨੂੰ ਸਚੀ ਸ਼ਰਾਬ ਵਿਖੇ ਮਿਲਾਉਣਾ ਹ। ਗੁਰਮਤਿ ਨਾਮ ਅਭਿਆਸ ਕੇ ਧਿਆਨ ਜਮਾਇਆਂ ਉਹ ਸਚਾ ਅਮਲ (ਨਸ਼ਾ) ਗੁਰਮਤਿ ਜਗਯਾਸੂ ਜਨ ਨੂੰ ਚੜ੍ਹਦਾ ਹੈ ਕਿ ਜਿਸ ਦੇ ਚੜ੍ਹਨ ਸਾਰ ਹੀ ਗੁਰਮਤਿ ਗਿਆਨ ਰਸ ਜੋਤ ਦਾ ਨਿਵਾਸ ਹੋ ਜਾਂਦਾ ਹੈ ਅਤੇ ਨਕਲੀ ਸ਼ਰਾਬ ਦੇ ਬਨਾਉਣ ਵਾਂਗੂ ਨਾ ਹੀ ਗੁੜ ਦੇ ਮਿਲਾਉਣ ਦੀ ਲੋੜ ਪੈਂਦੀ ਹੈ ਅਤੇ ਨਾਂ ਹੀ ਧਾਵੈ ਦੇ ਫੁਲ (ਮਹੂਏ) ਨੂੰ ਵਿਚ ਪਾਉਣ ਦੀ ਲੋੜ ਪੈਂਦੀ ਹੈ, ਕਿਕਰ ਦੇ ਕਸ ਨੂੰ ਨਕਲੀ ਸ਼ਰਾਬ ਵਿਚ ਇਸ ਕਰਕੇ ਪਾਇਆ ਜਾਂਦਾ



www.AKJ.Org

ਹੈ ਕਿ ਇਸ ਕਸ ਨਾਲ ਸ਼ਰਾਬ ਦਾ ਨਸ਼ਾ ਬਹੁਤ ਚੜ੍ਹੇ ਕਸ ਦੇ ਥਾਉਂ ਗੁਰਮਤਿ ਅੰਦਰ ਕਰਨੀ ਹੀ ਪ੍ਰਧਾਨ ਹੈ, ਭਾਵ ਨਾਮ ਅਭਿਆਸ ਦੀ ਕਮਾਈ (ਕਰਨੀ) ਜਿਉਂ ਜਿਉਂ ਅਧਿਕ ਸੁਕ੍ਰਿਤ ਸਹਿਤ ਕੀਤੀ ਜਾਵੇਗੀ ਤਿਉਂ ਤਿਉਂ ਨਾਮ ਦੇ ਨਸ਼ੇ ਵੀ ਅਧਿਕ ਤੋਂ ਅਧਿਕ ਗੂੜ੍ਹੇ ਰੰਗਾਂ ਵਿਚ ਚੜ੍ਹਨਗੇ ਤਾਂ ਤੇ ਕਰਣੀ (ਸੁਕ੍ਰਿਤ ਕਰਨੀ) ਕਰਨ ਨੂੰ ਭਾਵ ਗੁਰਮਤਿ ਨਾਮ ਅਭਿਆਸ ਕਮਾਈ ਕਰਨ ਨੂੰ ਨਾਮ ਦਾ ਰੰਗ ਖਿੜਾਉਣ ਲਈ ਸਚਾ ਕਸ ਗੁਰੂ ਸਾਹਿਬ ਨੇ ਪ੍ਰਧਾਨ ਮੰਨਿਆ ਹੈ :—

'ਕਰ ਕਰਣੀ ਕਸੁ ਪਾਈਐ'

ਦਾ ਭਾਵ–ਕਮਾਈ ਕਰਨਾ ਹੀ ਕਸ ਪਾਉਣਾ ਹੈ, ਸ਼ਰਾਬੀ ਲੋਗ ਜੋ ਸ਼ਰਾਬ ਦੀ ਭਠੀ ਪਾਉਂਦੇ ਹਨ ਉਸ ਭੱਠੀ ਦੇ ਥਾਉਂ ਸ਼ਰਧਾ ਭਾਵਨੀ (ਭਵਨੁ) ਰੂਪੀ ਭੱਠੀ ਚਾੜ੍ਹਨਾ ਗੁਰਮਤਿ ਅੰਦਰ ਪ੍ਰਵਾਨ ਹੈ, ਅਤੇ ਸ਼ਰਾਬੀ ਲੋਗ ਭਠੀ ਚੋਂ ਸ਼ਰਾਬ ਕੱਢਣ ਲਈ ਜੋ ਠੰਡੇ ਪਾਣੀ ਦਾ ਪੋਚਾ ਦੇਂਦੇ ਹਨ, ਉਸ ਪੋਚੇ ਦੇ ਥਾਉਂ ਪ੍ਰੇਮ ਦਾ ਪੋਚਾ ਹੀ ਦਿਤਾ ਜਾਂਦਾ ਹੈ ਅਰਥਾਤ ਨਾਮ ਅਭਿਆਸੀ ਨੂੰ ਸ਼ਰਧਾ ਭਾਵਨੀ ਦੀ ਸਚੀ ਭੱਠੀ ਦੀ ਤਪਸ਼ (ਤੇਜ਼ੀ) ਦੂਰ ਕਰਨ ਲਈ ਪ੍ਰੇਮ ਮਈ ਸਚੇ ਪੋਚੇ ਦੇਣ ਦੀ ਲੋੜ ਹੈ, ਇਸ ਪ੍ਰਕਾਰ ਦੇ ਬਣੇ ਰਸ ਤੋਂ ਅੰਮ੍ਰਿਤ ਚੁਆਈਦਾ ਹੈ ਅਤੇ ਅੰਮ੍ਰਿਤ ਬਿਨਾ ਸਚਾ ਅਮਲ (ਨਸ਼ਾ) ਚੜ੍ਹਾਈਦਾ ਹੈ, ਇਸ ਪ੍ਰਕਾਰ ਦਾ ਅੰਮ੍ਰਿਤ ਰਸ ਪੀ ਕੇ ਮਨ ਸਦਾ ਲਈ ਖੀਵਾ (ਮਤਵਾਲਾ) ਰਹਿੰਦਾ ਹੈ, ਅਤੇ ਸਹਿਜ ਅਵਸਥਾ ਦੇ ਆਤਮ ਚਲੂਲੇ ਰੰਗਾਂ ਵਿਚ ਰਚਿਆ ਸੁਰਚਿਆ ਰਹਿੰਦਾ ਹੈ ਅਤੇ ਪ੍ਰੇਮ ਰੰਗਾਂ ਵਿਚ ਐਸੀ ਲਿਵ ਲਗਦੀ ਹੈ ਕਿ ਅਨਦਿਨ ਲਿਵ ਬਣੀ ਹੀ ਰਹਿੰਦੀ ਹੈ, ਗੁਰਮਤਿ ਕੀਰਤਨ ਰਹੱਸ ਮਈ ਅਨਹਦ ਸ਼ਬਦ ਥੱਜਣਾ ਐਸਾ ਅਰੰਭ ਹੁੰਦਾ ਹੈ ਕਿ ਸਦਾ ਬਜਦਾ ਹੀ ਰਹਿੰਦਾ ਹੈ, ਇਸ ਅੰਮ੍ਰਿਤ ਮਈ ਸੱਚੀ ਸ਼ਰਾਬ ਦਾ ਪਿਆਲਾ ਪੂਰ ਕੇ ਨਾਮ ਅਭਿਆਸੀ ਜਨ ਇਸ ਨੂੰ ਗਟ ਗਟ ਪੀਂਦਾ ਹੀ ਰਹਿੰਦਾ ਹੈ ਅਤੇ ਪੀ ਕੇ ਸਹਿਜ ਬਵਿਸਥਾ ਵਿਚ ਜੀਰੀਂਦਾ ਹੀ ਰਹਿੰਦਾ ਹੈ, ਪਰੰਤੂ ਇਹ ਸਭ ਨਦਰ ਮੇਹਰ ਦੀ ਖੇਡ ਹੀ ਹੈ ਇਸ ਮਸਤੂਲ ਮਸਤ ਕਰਨ ਹਾਰੇ ਉਲਸ਼ ਪਿਆਲੇ ਦੀ ਅਜਰ ਜਰਨੀ ਜੀਰਾਂਦ ਤਿਸੇ ਵਡਭਾਗੇ ਅਭਿਆਸੀ ਜਨ ਨੂੰ ਹੀ ਜੀਰਾਉਂਦਾ ਪੀਆਉਂਦਾ ਹੈ ਜਿਸ ਉਪਰ ਸਚਾ ਨਦਰਾਲੂ ਵਾਹਿਗੁਰੂ ਨਦਰਿ ਮਿਹਰ ਕਰਕੇ ਇਹ ਅੰਮ੍ਰਿਤ ਰਸ ਦਾ ਵਪਾਰੀ ਅਭਿਆਸਾ ਚਾਰੀ ਜੋ ਜਨ ਹੋ ਜਾਂਦਾ ਹੈ ਸੋ ਹੋਛੇ ਅਤੇ ਕੂਛੇ ਰਸਾਂ ਕਸਾਂ ਸ਼ਰਾਬ ਆਦਕਾਂ ਨਾਲ ਉਕਾ ਹੀ ਭਾਉ ਲਗਾਉ ਪਿਆਰ ਨਹੀਂ ਧਰਦਾ, ਗੁਰੂ ਦੀ ਸਿਖਿਆ (ਸਾਖੀ) ਗੁਰ-ਦੀਖਿਆ ਰੂਪੀ ਅੰਮ੍ਰਿਤ ਬਾਣੀ ਨੂੰ ਪੀ ਕੇ ਹੀ ਸਦਾ ਸ਼ਾਦਾਬ ਰਹਿੰਦਾ ਹੈ, ਉਸ ਅੰਮ੍ਰਿਤ ਰੂਪੀ ਗੁਰਬਾਣੀ ਦੇ ਨਸ਼ੇ ਨੂੰ ਸੋਈ ਜਨ ਜਾਣਦਾ ਹੈ ਜਿਸ ਨੇ ਇਹ ਅੰਮ੍ਰਿਤ ਰਸਾਇਣੀ ਸਚੀ ਸ਼ਰਾਬ ਪੀਤੀ ਹੋਵੇ, ਬਸ–

'ਪੀਵਤੂ ਹੀ ਪ੍ਰਵਾਨ ਭਇਆ'

ਵਾਲੀ ਗਲ ਹੈ। ਦਰ ਦਰਸ਼ਨ ਦਾ ਪ੍ਰੀਤਮ (ਪ੍ਰੇਮੀ ਜਨ) ਜੋ ਹੋ ਜਾਂਦਾ ਹੈ ਉਸ ਨੂੰ ਮੁਕਤ ਬੈਕੁੰਠ ਬਾਂਛਣ ਦੀ ਕੋਈ ਲੋੜ ਨਹੀਂ ਰਹਿੰਦੀ, ਵਾਹਿਗੁਰੂ ਨਾਮ ਦੀ ਸਿਫਤ ਸਲਾਹ ਵਿਚ ਰੱਤਾ ਹੋਇਆ ਅਜਿਹਾ ਖੀਵਾ ਜਨ ਸਦਾ ਹੀ ਬੈਰਾਗੀ ਅਤੇ ਹੋਛੀ ਸ਼ਰਾਬ ਵਰਗੇ ਹੋਛੇ ਰਸਾਂ ਦਾ ਤਿਆਗੀ ਰਹਿੰਦਾ ਹੈ, ਉਹ ਆਪਣੇ ਅਮੋਲਕ ਮਨੁਸ਼ਾ ਜਨਮ ਨੂੰ ਭੰਗ ਦੇ ਭਾੜੇ ਜੂਏ ਵਿਚ ਨਹੀਂ ਹਾਰਦਾ, ਗੁਰੂ ਸਾਹਿਬ ਜੋਗੀਆਂ ਵਿਚ ਭਰਥਰ ਜੋਗੀ ਨੂੰ ਸੌਂਹੇ ਹੋ ਕੇ ਇਉਂ ਉਚਾਰਦੇ (ਫੁਰਮਾਉਂਦੇ) ਹਨ ਕਿ ਸੁਣ ਭਰਥਰ ਜੋਗੀ ਕੇਵਲ ਅੰਮ੍ਰਿਤ ਧਾਰੀ ਹੋਕੇ ਸਚਾ ਮਸਤ ਮਤਵਾਲਾ ਖੀਵਾ ਬਣੀਦਾ ਹੈ:—

'ਖਟੁ ਦਰਸਨ ਵਰਤੈ ਵਰਤਾਰਾ ।
ਗੁਰ ਕਾ ਦਰਸਨੁ ਅਪਰ ਅਪਾਰਾ ।'
(ਰਾਗ ਆਸਾ ਘਰ ੨ ਮਹਲਾ ੩)

ਦੇ ੪੧੪੦ ਵਾਲੇ ਗੁਰਵਾਕ ਅੰਦਰ ਆਈ ਇਸ ਤੋਂ ਉਪਰ ਲਿਖੀ ਦੋ ਤੁਕੀ ਦਾ ਸਪਸ਼ਟ ਭਾਵ ਇਹ ਹੈ ਕਿ ਸੰਸਾਰੀ ਬੇਦਾਚਾਰੀ ਲੋਗ ਛਿਆਂ ਸ਼ਾਸਤ੍ਰਾਂ (ਖਟ ਦਰਸ਼ਨਾਂ) ਦੀ ਵਰਤੋਂ ਵਿਚ ਹੀ ਉਲਝੇ ਰਹਿੰਦੇ ਹਨ ਪਰੰਤੂ ਗੁਰਮਤਿ ਨਾਮ ਅਭਿਆਸਾ ਚਾਰੀ ਅਭਿਆਸੀ ਜਨ ਅਗਮ ਅਪਾਰੀ ਵਾਹਿਗੁਰੂ ਗੁਰੂ



www.AKJ.Org

ਦਰਸ਼ਨ ਦੇ ਵਪਾਰੀ ਬਣੇ ਰਹਿੰਦੇ ਹਨ ਇਹ ਵਾਹਿਗੁਰੂ ਦਾ ਦਰਸ਼ਨ ਵਡੇ ਭਾਗਾਂ ਨਾਲ ਗੁਰ ਸ਼ਬਦ ਦੀ ਅਭਿਆਸ ਕਮਾਈ ਦੁਆਰਾ ਹੀ ਪ੍ਰਾਪਤ ਕਰੀਦਾ ਹੈ ਅਤੇ ਸਚੇ ਵੈਰਾਗ ਦੀ ਮੁਕਤ ਦਰਸ਼ਨੀ ਪ੍ਰਾਪਤੀ ਭੀ ਏਥੋਂ ਹੁੰਦੀ ਹੈ,ਹੋਰ ਭੇਖਾਂ ਮਜ਼ਹਬਾਂ ਤੋਂ ਕਢਕੇ ਨਿਰੋਲ ਵਾਹਿਗੁਰੂ ਭਾਉ ਭਗਤੀ ਤੇ ਉਤਮ ਮਾਰਗ ਵਲ ਲਿਆਉਣ ਹਾਰਾ ਕੇਵਲ ਗੁਰਮਤਿ ਗਿਆਨ ਤੇ ਵਾਹਿਗੁਰੂ ਦਰਸ਼ਨ ਧਿਆਨ ਹੀ ਹੈ, ਖਟ ਦਰਸ਼ਨਾਂ ਛਿਆਂ ਸ਼ਾਸਤ੍ਰਾਂ, ਹਿੰਦੂ ਮਤ ਚੋਹਾਂ ਵੇਦਾਂ ਵਿਚ ਕੁਛ ਨਹੀਂ ਧਰਿਆ ਪਿਆ; ਖਟ ਦਰਸ਼ਨ; (ਛੇ ਸ਼ਾਸਤ੍ਰ) ਅਤੇ ਚਾਰੇ ਵੇਦ ਸਚੀ ਸ਼ਕਤੀ ਤੇ ਕਲਿਆਨ ਕਰਾਉਣ ਨੂੰ ਸਮਰਥ ਨਹੀਂ, ਵਾਹਿਗੁਰੂ ਦਰਸ਼ਨ ਤਾਂ ਇਹਨਾਂ ਕੀ ਕਰਵਾਉਣਾ ਸੀ ਇਹ ਕੇਵਲ ਗੁਰਮਤ ਰੂਪੀ ਦਰਸ਼ਨ ਹੀ ਹੈ ਜਿਸ ਦੁਵਾਰਾ ਕਿ ਵਾਹਿਗੁਰੂ ਦਰਸ਼ਨ ਰੂਪੀ ਸੱਚੀ ਕਲਿਆਣ (ਗਤੀ) ਪ੍ਰਾਪਤ ਹੁੰਦੀ ਹੈ।

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਬਾਜੈ ਬੇਨ। ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ।੧। ਜੋਗੀ ਹਰਿ ਦੇਹੁ ਮਤੀ ਉਪਦੇਸੁ। ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ। ੧ । ਰਹਾਉ। ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ। ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ। ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ। ਮਨੂਆ ਅਸਥਿਰੁ ਬੈਲੁ ਮਨ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ। ਜੋਗੀ ਜੰਗਮ ਸ੍ਰਿਸ਼ਟ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ। ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ।

ਇਸ ਗੁਰਵਾਕ ਦੁਆਰਾ ਜੋਗੀਆਂ ਦੀ ਥੋਥੀ ਕਿਰਿਆ ਗਾਉਣ ਬਜਾਉਣ ਦੀ ਖੰਡਨ ਕੀਤੀ ਗਈ ਹੈ, ਗੁਰਮਤਿ ਸੰਗੀਤ ਕੀਰਤਨ ਸਿਫ਼ਤ ਸਾਲਾਹ ਨੂੰ ਹੀ ਮੁਖ ਜਣਾਇ ਕੇ ਮੰਡਨਾਇਆ ਗਿਆ ਹੈ, ਜੋਗੀ ਲੋਕ ਜੋ ਹਥਾਂ ਨਾਲ ਤੰਤੀ ਨੂੰ ਬਜਾਉਂਦੇ ਫਿਰਦੇ ਹਨ ਤੇ ਘਰ ਘਰ ਮੰਗਦੇ ਹਨ, ਇਸ ਕਿਰਿਆ ਨੂੰ ਗੁਰਮਤਿ ਅਨੁਸਾਰ ਫੋਕਟ ਹੀ ਗਰਦਾਨਿਆ ਗਿਆ ਹੈ, ਜੋਗੀਆਂ ਨੂੰ ਸਨਮੁਖ ਸੰਬੋਧਨ ਕਰ ਕੇ ਬਥੇਰਾ ਸਮਝਾਇਆ ਗਿਆ ਕਿ ਹੇ ਜੋਗੀ ਜੋ ਤੂੰ ਹਥਾਂ ਨਾਲ ਥੋਥੀ ਕਿੰਗਰੀ ਬਜਾਉਂਦਾ ਹੈਂ, ਇਸ ਤੇਰੀ ਬੇਅਰਥੀ ਬੀਨ ਬਜਦੀ ਹੈ, ਇਸ ਦੇ ਥਾਉਂ ਜੇ ਤੂੰ ਗੁਰੂ ਦਵਾਰਾ ਗੁਰ ਦੀਖਿਆ ਲੈ ਕੇ ਵਾਹਿਗੁਰੂ ਦੇ ਗੁਣ ਗਾਵੇਂ ਤਾਂ ਤੇਰਾ ਇਹ ਮਨੂਆਂ ਵਾਹਿਗੁਰੂ ਦੇ ਰੰਗਾਂ ਵਿਚ ਭਿਜ ਜਾਵੇ, ਤਾਹੀਂ ਤੇਰਾ ਗਾਵਣਾ ਬਜਾਵਣਾ ਥਾਇ ਪੈ ਸਕਦਾ ਹੈ ਲੋਕਾਂ ਨੂੰ ਸੁਣਾਵਣਾ ਭੀ ਤਦੇ ਥਾਂ ਪੈ ਸਕਦਾ ਹੈ ਜੇ ਤੂੰ ਗੁਰਮਤਿ ਉਪਦੇਸ਼ ਲੈ ਕੇ ਗਾਵੇਂ ਬਜਾਵੇਂ ਤੇ ਸੁਣਾਵੇਂ, ਹੇ ਜੋਗੀ ਲੋਗੋ ਜੋ ਤੁਸੀਂ ਪਰਸਪਰ (ਆਪਸ ਮੇਂ) ਆਦੇਸ ਦੀ ਧੁਨੀ ਲਾ ਕੇ ਇਕ ਦੂਜੇ ਨੂੰ ਪ੍ਰਨਾਮ ਕਰਦੇ ਹੋ, ਇਸ ਦੇ ਥਾਉਂ ਗੁਰਮਤਿ ਅਨੁਸਾਰ ਸਚੇ ਵਾਹਿਗੁਰੂ ਨੂੰ ਹੀ, ਜੋ ਸਦਾ ਇਕੋ ਜੇਹਾ ਵਰਤਦਾ ਹੈ ਆਦੇਸ ਕਰਨਾ ਪ੍ਰਵਾਨ ਹੈ, ਸ਼ਿਵ ਜੀ ਗੋਰਖ ਆਦ ਵੇਲੇ ਸਿਰ ਬਦਲਦੇ ਅਵਤਾਰਾਂ ਨੂੰ ਮੰਨਣਾ ਤੇ ਆਦੇਸ ਕਰਨਾ ਮਹਾਂ ਮਨਮਤ ਹੈ। ਗੁਰਮਤਿ ਅਨੁਸਾਰ ਸਦਾ ਇਕ ਰਸ ਰਹਿਣ ਵਾਲੇ ਆਦ ਜੁਗਾਦੀ ਤੇ ਸਦੀਵੀ ਰਹਿਣ ਵਾਲੇ ਵਾਹਿਗੁਰੂ ਪ੍ਰਮਾਤਮਾ ਨੂੰ ਹੀ ਪ੍ਰਨਾਮ ਕਰਨਾ ਗੁਰਮਤਿ ਹੈ ਜੋ ਤੁਸੀਂ ਆਪਣੇ ਮਨ ਮੰਨੇ ਤਰੀਕੇ ਨਾਲ ਮੂੰਹ ਆਈਆਂ ਬੋਲੀਆਂ ਬੋਲ ਕਰਕੇ ਭਾਂਤ ਭਾਂਤ ਦੇ ਰਾਗ ਅਲਾਪਦੇ ਹੋ ਅਤੇ ਕਚੀਆਂ ਬਾਣੀਆਂ ਬੋਲਦੇ ਫਿਰਦੇ ਹੋ ਇਹ ਸਭ ਨਿਸਫਲ ਹਨ ਕਿਉਂਕਿ ਇਹਨਾਂ ਕਚੀਆਂ ਬਾਣੀਆਂ, ਬੋਲਾਂ, ਕੁਬੋਲਾਂ ਦੁਆਰਾ ਤੁਹਾਡੀ ਸੁਰਤੀ ਬਿਰਤੀ ਸਦਾ ਖਿੰਡੀ ਰਹਿੰਦੀ ਹੈ ਅਤੇ ਮਨ ਤੁਸਾਡਾ ਹੋਰ ਹੋਰ ਹੀ ਖੇਡਾਂ ਖੇਡਦਾ ਰਹਿੰਦਾ ਹੈ ਕਦੇ ਅਸਥਿਰ ਨਹੀਂ ਰਹਿੰਦਾ। ਇਹ ਚੰਚਲ ਮਨੂਆਂ ਕੇਵਲ ਪਾਰਸ ਰੂਪੀ ਅੰਮ੍ਰਿਤ ਬਾਣੀ ਦੁਆਰਾ ਹੀ ਅਸਥਿਰ ਰਹਿੰਦਾ ਹੈ ਅਤੇ ਸੂਤ ਹੋਇ ਆਉਂਦਾ ਹੈ, ਖੂਹ ਇਸ ਲਈ ਜੋਈਦਾ ਹੈ ਕਿ ਖੇਤ ਨੂੰ ਪਾਣੀ ਮਿਲੇ ਅਤੇ ਸਬਜ਼ੀ ਵਧੇ ਫੁਲੇ, ਪਰ ਹੁੰਦਾ ਇਹ ਹੈ ਕਿ ਖੂਹ ਵਾਲੇ ਬਲਦ ਹੀ ਬੇਲਾਂ ਖਾ ਜਾਂਦੇ ਹਨ, ਤੇ ਖੂਹ ਜੋੜਨ



www.AKJ.Org

ਆਹਰ ਸਭ ਬੇਅਰਥ ਜਾਂਦਾ ਹੈ, ਇਹ ਮਨੂਆਂ ਬੈਲ ਦੀ ਨਿਆਈਂ ਹੈ ਜੋ ਸਦਾ ਬੇਲ ਪ੍ਰਾਈ ਹੀ ਜੋਹਿੰਦਾ ਰਹਿੰਦਾ ਹੈ ਅਸਥਿਰ ਕਦੇ ਨਹੀਂ ਹੁੰਦਾ ਅਤੇ ਉਤੋਂ ੨ ਹੀ ਰਾਗ ਨਾਦ ਅਲਾਪਦਾ ਰਹਿੰਦਾ ਹੈ, ਏਹ ਅਲਾਪਿਆ ਹੋਇਆ ਰਾਗ ਕਿਸੇ ਅਰਥ ਨਹੀਂ ਆਉਂਦਾ ਇਹ ਤੁਸਾਡੀ ਮਨ ਮੰਨੀ ਰਾਗ ਨਾਦੀ ਧਾਰਮਿਕ ਕਿਰਿਆ ਸਾਰੀ ਦੀ ਸਾਰੀ ਹੀ ਬਿਰਥੀ ਜਾਂਦੀ ਹੈ ਕੋਈ ਅਮਲੀ ਜੀਵਨ ਨਹੀਂ ਬਣਾਉਂਦੀ; ਨਾ ਤੁਹਾਡੇ ਗਾਵਣ ਹਾਰਿਆਂ ਦਾ ਅਮਲੀ ਜੀਵਨ ਬਣਦਾ ਹੈ ਨਾ ਸੁਣਨ ਹਾਰਿਆਂ ਦਾ । ਜੇਕਰ ਤੁਸੀਂ ਗੁਰਮਤਿ ਗੁਰਦੀਖਿਆ ਲੈ ਕੇ ਨਾਮ ਅਭਿਆਸ ਕਮਾਈਆਂ ਕਰੋ ਅਤੇ ਕਾਇਆਂ ਰੂਪੀ ਨਗਰੀ ਵਿਖੇ ਹੀ ਸੁਕ੍ਰਿਤ ਕਰਨੀ ਰੂਪੀ ਬੀਜ ਨੂੰ ਬੋਵੋ ਤਾਂ ਤੁਸਾਡਾ ਸਗਰਾ ਹੀ ਕਾਇਆਂ ਰੂਪੀ ਖੇਤ ਹਰਿਆ ਭਰਿਆ ਹੋ ਜਾਏ, ਅਤੇ ਨਾਮ ਕਮਾਈਆਂ ਰੂਪੀ ਜੋਤ ਰਸ ਰੰਗੀ ਸਬਜ਼ੀ ਹੀ ਸਬਜ਼ੀ ਸਾਰੇ ਖੇਤ ਵਿਖੇ ਜੰਮ ਉਠੇ ਗੁਰਮਤਿ ਨਾਮ ਕਮਾਈ ਦੁਆਰਾ, ਅਸਥਿਰ ਹੋਇਆ ਮਨੂਆ ਸਦਾ ਹੀ ਨਾਮ ਰੰਗ ਰਸਾਂ ਦੀ ਕਮਾਈ ਵਿਖੇ ਜੁੜਿਆ ਰਹੇ ਤਿਸ ਨਾਲ ਗੁਰਮਤਿ ਰਸ ਦਾ ਸਿੰਚਨ ਸਦਾ ਹੀ ਕਾਂਇਆ ਰੂਪੀ ਖੇਤੀ ਵਿਖੇ ਹੁੰਦਾ ਰਹੇ, ਇਹ ਜੋਗੀ ਜੰਗਮਾਂ ਦੀ, ਆਪ ਹੁਦਰੀ ਖੇਡ ਜੋ ਤੁਸੀਂ ਰਚੀ ਹੋਈ ਹੈ ਇਹ ਸਭ ਤੁਹਾਡੀ ਮੂੜਮਤ ਹੈ, ਜੋਗੀ ਜੰਗਮਾਂ ਦਾ ਫਿਰਕਾ, ਸਿਰ ਤੇ ਸਰਪ ਦੇ ਸ਼ਕਲ ਦੀ ਰਸੀ ਬੰਨ੍ਹ ਕੇ ਅਤੇ ਕੰਨਾਂ ਵਿਚ ਪਿਤਲ ਦੀਆਂ ਨੱਤੀਆਂ ਪਾ ਕੇ ਹੀ ਐਵੇਂ ਬਫਾਏ ਹਨ, ਤੇ ਏਸੇ ਫੋਕਟ ਕਿਰਿਆ ਨੂੰ ਹੀ ਕਲਿਆਣ ਕਾਰੀ ਸਮਝਦੇ ਹਨ, ਇਹ ਨਿਰੀ ਮਨਮਤ ਹੈ ਅਤੇ ਗੁਰਮਤਿ ਅਨੁਸਾਰ ਖੰਡਣ ਕਾਰੀ ਹੈ ਆਪਣੀ ਮਨ ਮਤੀ ਰਹੁ ਰੀਤੀ ਅਨੁਸਾਰ ਤੁਸੀਂ ਕੰਨਾਂ ਵਿਚ ਮੁੰਦਰਾਂ ਪਾ ਕੇ ਚੇਲੇ ਬਣਾਉਂਦੇ ਹੋ ਸੋ ਕਿਸੇ ਲੇਖੇ ਨਹੀਂ, ਅਸੀਂ ਤਾਂ ਸਚੇ ਵਾਹਿਗੁਰੂ ਅੰਤਰਜਾਮੀ ਦੇ ਕਾਇਲ ਅਤੇ ਸ਼ਰਧਾਲੂ ਹਾਂ ਅਤੇ ਉਸੇ ਦੇ ਭਾਣੇ ਅੰਦਰ ਚਲ ਕੇ ਜਿਧਰ ਉਹ ਲਾਉਂਦਾ ਹੈ, ਉਧਰ ਹੀ ਲਗਦੇ ਹਾਂ । ਅਗਲੇ ਗੁਰਵਾਕ ਅੰਦਰ ਭੀ ਫੋਕਟ ਕਰਨੀ, ਨਚਣ ਟਪਣ ਵਾਲੇ ਇਹ ਘੁੰਗਰੂ ਤਾਲ ਬਜਾ ਕੇ ਫੋਕੇ ਗੀਤ ਗਾਵਣ ਹਾਰੇ, ਭਗਤੀਆਂ ਦੇ ਭਗਤੀ ਫਿਰਕੇ ਨੂੰ ਖੰਡਨ ਕੀਤਾ ਗਿਆ ਹੈ, ਇਸ ਨਚਣ ਟਪਣ ਦੀ ਫੋਕਟ ਕਿਰਿਆ ਨੂੰ ਗੁਰੂ ਸਾਹਿਬ ਇਸ ਬਿਧ ਖੰਡਨ ਕਰਦੇ ਹਨ ਅਤੇ ਸਚੇ ਗੁਰਮਤਿ ਮਾਰਗ ਮਈ ਉਪਦੇਸ਼ ਦਾ ਮੰਡਣ ਕਰਦੇ ਹਨ । ਘੁੰਗਰੂ ਤਾਲ ਆਦਕ ਇਨ੍ਹਾਂ ਨੂੰ ਟੋਲਦਿਆਂ ਤੇ ਇਕਠੇ ਕਰਦਿਆਂ ਤਕੜਾ ਸਮਾਂ ਲਗਦਾ ਹੈ ਅਤੇ ਐਵੇਂ ਵਕਤ ਗੁਆਇਆ ਜਾਂਦਾ ਹੈ ਇਸ ਬਿਧ ਵਕਤ ਗੁਆਇਆ ਕਰਨ ਦੇ ਥਾਉਂ ਨਾਮ ਜਪਣ ਵਿਚ ਹੀ ਕਿਉਂ ਨਾ ਜੁਟਿਆ ਜਾਵੇ, ਗੁਰਮਤਿ ਨਾਮ ਰਸ ਭਿੰਨੇ ਸਚੜੇ ਭਗਤੀ ਭਾਇ ਵਾਲੇ ਗੁਰਮੁਖ ਜਨ ਨੂੰ ਏਨੀ ਵਿਹਲ ਭੀ ਨਹੀਂ ਹੁੰਦੀ ਕਿ ਉਹ ਦੋ ਘੜੀ ਮਨ ਦੀ ਖੁਸ਼ੀ ਮਾਨਣ ਲਈ ਇਨ੍ਹਾਂ ਚੀਜ਼ਾਂ ਮਗਰ ਦੌੜਦਾ ਫਿਰੇ ਅਤੇ ਅਜਾਈਂ ਸਮਾਂ ਗੁੰਵਾ ਦੇਵੇ ।

ਯਥਾ—

> "ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ
> ਬਜਾਵੈ ਰਬਾਬੁ ॥ ਆਵਤ ਜਾਤ ਬਾਰ
> ਖਿਨੁ ਲਾਗੈ ਹਉ ਤਬ ਲਗੁ ਸਮਾਰਉ
> ਨਾਮ ।"

ਗੁਰਮੁਖਾਂ ਦੇ ਅੰਤਰ ਗਤ ਤਾਂ ਹਰ ਦਮ ਹੀ ਸਾਸ ਗਿਰਾਸ ਭਾਉ ਭਗਤੀ ਵਾਲੀ ਉਤਸ਼ਾਹਨਾ ਬਣੀ ਰਹਿੰਦੀ ਹੈ, ਉਹ ਤਾਂ ਖਿਨ ਪਲ ਭੀ ਵਾਹਿਗੁਰੂ ਦੀ ਭਗਤੀ ਨਾ ਕਰਨ ਤਾਂ ਵਾਹਿਗੁਰੂ ਨਾਮ ਅਭਿਆਸ ਬਿਨਾਂ ਨਹੀਂ ਰਹਿ ਸਕਦੇ ਜੈਸੇ ਕਿ ਮਛਲੀ ਖਿਨ ਮਾਤਰ ਭੀ ਜਲ ਬਿਹੂਨ ਮਰ ਜਾਂਦੀ ਹੈ, ਐਨ ਇਹੋ ਭਾਵ ਇਸ ਗੁਰਵਾਕ ਦੀ ਅਗਲੇਰੀ ਰਹਾਉ ਵਾਲੀ ਦੋ ਪੰਗਤੀ ਦਾ ਹੈ—

ਯਥਾ—

> "ਮੇਰੈ ਮਨਿ ਐਸੀ ਭਗਤਿ ਬਨਿ
> ਆਈ ॥ ਹਉ ਹਰਿ ਬਿਨੁ ਖਿਨੁ
> ਪਲੁ ਰਹਿ ਨ ਸਕਉ ਜੈਸੇ ਜਲ ਬਿਨੁ
> ਮੀਨੁ ਮਰਿ ਜਾਈ ॥"

ਪੰਜਾਂ ਤਾਰਾਂ ਤੇ ਸੱਤਾਂ ਸੁਰਾਂ ਵਾਲੇ ਰਾਗ



www.AKJ.Org

ਅਲਾਪਣ ਦੇ ਖਲਜਗਣ ਵਿਚ ਕੇਹੜਾ ਪਵੇ ਕਿਉਂਕਿ ਰਾਗ ਅਲਾਪਣੀ ਤੇ ਸੁਰਾਂ ਮੇਲਣੀ, ਫੋਕਟ ਕਿਰਿਆ ਵਿਚ ਓੜਕ ਕੁਝ ਚਿਰ ਲਗ ਹੀ ਜਾਂਦਾ ਹੈ ਸੁਰਾਂ ਮੇਲਦਿਆਂ ਰਾਗਾਂ ਨੂੰ ਚੁਣਦਿਆਂ ਐਵੇਂ ਫਾਲਤੂ ਵਕਤ ਜਾਂਦਾ ਹੈ, ਉਤਨਾਂ ਚਿਰ ਗੁਰਮੁਖ ਜਨ ਵਾਹਿਗੁਰੂ ਦੇ ਗੁਣ ਗਾਵਣ ਵਿਚ ਸਫਲ ਕਰਦੇ ਹਨ।

ਯਥਾ–

"ਕਬ ਕੋਊ ਮੇਲੈ ਪੰਚ ਸਤ ਗਾਇਣ
ਕਬ ਕੋ ਰਾਗ ਧੁਨਿ ਉਠਾਵੈ ॥ ਮੇਲਤ
ਚੁਨਤ ਖਿਨੁ ਪਲੁ ਚਸਾ ਲਾਗੈ ਤਬ
ਲਗੁ ਮੇਰਾ ਮਨੁ ਰਾਮ ਗੁਨ ਗਾਵੈ।"

ਇਸ ਬਿਧ ਭਗਤੀ ਪਾਵਣ ਵਾਲੇ ਨਾਚੇ ਲੋਗ ਪੈਰਾਂ ਵਿਚ ਘੁੰਗਰੂ ਪਾ ਕੇ ਨਚਦੇ ਟਪਦੇ ਹਨ। ਸੋ ਇਸ ਨਚਣ ਕੁਦਣ ਦੇ ਭੇ ਵਿਚ, ਹਥਾਂ ਤੇ ਪੈਰਾਂ ਨੂੰ ਪਸਾਰਨ ਵਾਲੇ ਯਤਨ ਵਿਚ ਐਵੇਂ ਢਿਲ ਬਿਲਮ ਲਗਦੀ ਫਿਰਦੀ ਹੈ ਉਤਨਾਂ ਚਿਰ ਇਸ ਪ੍ਰਕਾਰ ਦੀ ਫੋਕਟ ਕਿਰਿਆ ਵਿਚ ਮਨ ਨੂੰ ਖਚਤ ਕਰਨ ਦੇ ਥਾਉਂ ਵਾਹਿਗੁਰੂ ਨਾਮ ਅਭਿਆਸ ਦੇ ਵਿਚ ਜੁਟਣਾ ਹੀ ਭਲੇਰਾ ਹੈ। ਯਥਾ–

"ਕਬ ਕੋ ਨਾਚੈ ਪਾਵ ਪਸਾਰੈ, ਕਬ ਕੋ
ਹਾਥ ਪਸਾਰੈ॥ ਹਾਥ ਪਾਵ ਪਸਾਰਤ
ਬਿਲਮੁ ਤਿਲੁ ਲਾਗੈ ॥ ਤਬ ਲਗੁ
ਮੇਰਾ ਮਨ ਰਾਮ ਸਮ੍ਹਾਰੈ ॥"

ਇਹ ਸਾਰੀ ਨਚਣ ਕੁਦਣ ਅਤੇ ਹਥ ਪੈਰ ਪਸਾਰਨ ਵਾਲੀ ਫੋਕਟ ਕਿਰਿਆ ਇਹ ਪਾਖੰਡੀ ਲੋਗ ਸਿਰਫ ਲੋਕ ਪਚਾਰੇ ਲਈ ਕਰਦੇ ਹਨ, ਲੋਗਾਂ ਨੂੰ ਪਤਿਆਉਣ ਅਤੇ ਪ੍ਰਚਾਉਣ ਲਈ, ਇਹ ਲੋਕ ਦਿਖਾਵਾ ਕੀਤਾ ਜਾਂਦਾ ਹੈ, ਪਰੰਤੂ ਇਸ ਬਿਧ ਲੋਕਾਂ ਨੂੰ ਪਤਿਆਉਣ ਪ੍ਰਚਾਵਣ ਵਾਲੀ ਪਾਖੰਡ ਕਿਰਿਆ ਕਰਕੇ, ਸਚੀ ਦਰਗਾਹੇ ਸਚੀ ਪਤ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅਜੇਹੇ ਕੁਢੰਗ ਵਿਚ ਪੈਣ ਦੇ ਥਾਉਂ ਵਾਹਿਗੁਰੂ ਦੀ ਦਮ ਬਦਮ ਯਾਦ ਗੁਰਮਤਿ ਅਨੁਸਾਰ ਕੀਤੀ ਜਾਵੇ ਤੇ ਸਚੀ ਸਿਫਤ ਸਾਲਾਹ ਦੀ ਪ੍ਰੀਤ ਪ੍ਰਤੀਤੀ ਜਾਵੇ ਤਾਂ ਲੋਕ ਪ੍ਰਲੋਕ ਵਿਖੇ ਜੈ ਜੈ ਕਾਰ ਹੋ ਜਾਂਦੀ ਹੈ ਜੈਸਾ ਕਿ ਇਸ ਗੁਰਵਾਕ ਦੀਆਂ ਛੇਕੜਲੀਆਂ ਦੋ ਤੁਕਾਂ ਦਾ ਭਾਵ ਹੈ।

ਯਥਾ–

"ਕਬ ਕੋਊ ਲੋਗਨ ਕਉ ਪਤਿਆਵੈ
ਲੋਕਿ ਪਤੀਣੈ ਨਾ ਪਤਿ ਹੋਇ ॥
ਜਨ ਨਾਨਕ ਹਿਰਦੈ ਸਦ ਧਿਆਵਹੁ
ਤਾ ਜੈ ਜੈ ਕਰੇ ਸਭੁ ਕੋਇ ॥"

---

**ਸੂਚਨਾ**—ਖਾਸ ਕਰਕੇ ਡੇਹਰਾਦੂਨ ਦੇ ਸਿੰਘਾਂ ਨੂੰ ਇਹ ਦੇਖਕੇ ਬੜੀ ਖੁਸ਼ੀ ਹੈ ਕਿ ਜਿਥੇ ਅਖੰਡ ਕੀਰਤਨੀ ਜਥਾ ਜਵਾਲਾਪੁਰ (ਹਰਦ੍ਵਾਰ) ਆਪਣੇ ਲਾਗਲੇ ਇਲਾਕੇ ਰੁੜਕੀ, ਸਹਾਰਨਪੁਰ, ਰਿਖੀਕੇਸ ਆਦਿ ਦੀ ਸੇਵਾ ਕੀਰਤਨੀ ਸਮਾਗਮਾਂ ਤੇ ਰੈਣ ਸਬਾਈਆਂ ਦ੍ਵਾਰਾ ਕਰ ਰਿਹਾ ਹੈ ਉਥੇ ਡੇਹਰਾਦੂਨ ਵਿਚ ਵੀ ਕਈ ਬਾਰ ਆਪਣੇ ਕੀਰਤਨ ਸਮਾਗਮ ਤੇ ਰੈਣਸਬਾਈ ਦ੍ਵਾਰਾ ਸੇਵਾ ਕਰ ਚੁਕਾ ਹੈ। ਦਾਤੇ ਅਗੇ ਅਰਦਾਸ ਹੈ ਕਿ ਇਸ ਕੀਰਤਨੀ ਜਥੇ ਨੂੰ ਜੋ ਬਗੈਰ ਕਿਸੇ ਲਾਲਚ ਦੇ ਅਪਣੇ ਇਲਾਕੇ ਦੀ ਸੇਵਾ ਕਰ ਰਿਹਾ ਹੈ ਚੜ੍ਹਦੀ ਕਲਾ ਬਖਸ਼ੇ ਤਾਂ ਜੋ ਸਿਖ ਸੰਗਤਾਂ ਉਨ੍ਹਾਂ ਦੀ ਰਬੀ ਦਾਤ ਕੀਰਤਨ ਤੋਂ ਹੋਰ ਵੀ ਲਾਭ ਉਠਾ ਸਕੇ। ਨਾਲ ਹੀ ਨਾਲ ਸੰਗਤਾਂ ਦੀ ਸੇਵਾ ਵਿਚ ਇਹ ਵੀ ਬੇਨਤੀ ਹੈ ਕਿ ਉਹ ਨਿਸ਼ਚਿਤ ਕੀਰਤਨੀ ਸਮਾਗਮਾਂ ਤੇ ਰੈਣ ਸਬਾਈਆਂ ਤੇ ਸੂਚਨਾਂ ਦੇ ਅਨੁਸਾਰ ਵਧ ਤੋਂ ਵਧ ਸੰਖਯਾ ਵਿਚ ਹਾਜ਼ਰੀਆਂ ਭਰਕੇ ਜਥੇ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਹੋਇਆਂ ਆਪ ਵੀ ਲਾਭਵੰਦ ਹੋਣ। ਆਮ ਤੌਰ ਤੇ ਐਤਵਾਰ ਯਾ ਹੋਰ ਕਿਸੇ ਗਜ਼ਟਿਡ ਛੁਟੀ ਤੇ ਇਹ ਜਥਾ ਬੜੀ ਆਸਾਨੀ ਨਾਲ ਸੇਵਾ ਕਰ ਸਕਦਾ ਹੈ। ਘਟ ਤੋਂ ਘਟ ਹਫਤਾ ਯਾ ਦਸ ਦਿਨ ਪਹਿਲੇ ਕੀਰਤਨ ਲਈ ਸ਼ਰਧਾਲੂਆਂ ਵਲੋਂ ਹੁਕਮਨਾਮਾਂ ਆਉਣ ਦੀ ਯਾ ਜ਼ਾਤੀ ਤੌਰ ਤੇ ਗਲਬਾਤ ਕਰਨ ਦੀ ਚੇਤਾਵਨੀ ਹੈ।

ਧਨਵਾਦ ਸਹਿਤ

ਪ੍ਰਿੰਸੀਪਲ ਮਿਹਰ ਸਿੰਘ ਐਫ/ਪ ਰੇਸ ਕੋਰਸ,
ਨਿਊ ਪੁਲਿਸ ਲਾਈਨ, ਡੇਹਰਾਦੂਨ

www.AKJ.Org

# ਸਿਖ ਤੇ ਮੂਰਤਿ ਪੂਜਾ

(ਵਲੋਂ—ਭਾਈ ਗੁਰਮੁਖ ਸਿੰਘ ਜੀ, ਕਾਨ੍ਹਪੁਰ)

ਜਿਵੇਂ ਚੰਨ ਦੀ ਚਾਨਣੀ ਜਾਂ ਸੂਰਜ ਦੀ ਰੋਸ਼ਨੀ ਨੂੰ ਕੋਈ ਪਕੜ ਲਵੇ ਤਾਂ ਧੀਰੇ ਧੀਰੇ ਉਹ ਪੁਰਸ਼ ਚੰਨ ਜਾਂ ਸੂਰਜ ਤੇ ਅਪੜ ਸਕਦਾ ਹੈ ਤਿਵੇਂ ਹੀ ਗੁਰਬਾਣੀ 'ਸ਼ਬਦ' ਦਾ ਪ੍ਰਕਾਸ਼ ਹੈ ਤੇ ਜੋ ਵੀ ਗੁਰਬਾਣੀ ਦੀ ਓਟ ਲੈਂਦਾ ਹੈ ਉਹ 'ਸ਼ਬਦ' ਦੀ ਪ੍ਰਾਪਤੀ ਕਰ ਲੈਂਦਾ ਹੈ।

## ਸ਼ਬਦ ਦੀ ਪਹਿਚਾਣ

ਹਿੰਦੂਆਂ ਵਿਚ 'ਸ਼੍ਰੀ ਗਣੇਸ਼' ਹਰ ਕੰਮ ਕਰਨ ਲਗਿਆ ਕਿਹਾ ਜਾਂਦਾ ਹੈ। ਕੀ ਕਾਰਨ ਹੈ ?

ਜਿਸ ਵੀ ਮਨੁਸ਼ ਨਾਲ ਗਲ ਕੀਤੀ ਜਾਵੇ ਉਹ ਆਪਣੇ ਹੀ ਢੰਗ ਨਾਲ ਗਾਥਾ ਕਰੇਗਾ। ਪਰ ਜੋ ਗਾਥਾ ਵਿਚਾਰ ਨਾਲ ਠੀਕ ਬੈਠਦੀ ਹੈ ਉਹ ਇਸ ਪ੍ਰਕਾਰ ਹੈ :—

ਸੱਤਜੁਗ ਵਿਚ ਸਾਰੇ ਹੀ ਦੇਵਤੇ ਸਨ। ਉਨ੍ਹਾਂ ਵਿਚ ਵਿਚਾਰ ਉਠਿਆ ਕਿ ਸਭ ਤੋਂ ਸ੍ਰੇਸ਼ਟ ਦੇਵਤਾ ਕੇਹੜਾ ਹੈ। ਸੋ ਇਸ ਵਿਚਾਰ ਅਧੀਨ ਇਕ ਸਭਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਸਾਰੇ ਦੇਵਤੇ ਧਰਤੀ ਦਾ ਚਕਰ ਕਟਣ ਤੇ ਜੋ ਵੀ ਸਭ ਤੋਂ ਪਹਿਲਾਂ ਚਕਰ ਲਗਾਵੇ ਉਹ ਹੀ ਸ੍ਰੇਸ਼ਟ ਦੇਵਤਾ ਮੰਨ ਲਿਆ ਜਾਵੇਗਾ। ਇਸ ਫੈਸਲੇ ਮਗਰੋਂ ਸਭਾ ਉਠ ਗਈ ਤੇ ਗਣੇਸ਼ ਘਬਰਾਏ ਕਿ ਸਾਰੇ ਦੇਵਤਿਆਂ ਹੀ ਸਵਾਰੀ ਗਣੇਸ਼ ਦੀ ਚੂਹੇ ਦੀ ਸਵਾਰੀ ਤੋਂ ਬਹੁਤ ਅਛੀ ਤੇ ਤੇਜ਼ ਸੀ ਤੇ ਦੂਜਾ ਗਣੇਸ਼ ਦਾ ਸਰੀਰ ਵੀ ਸਥੂਲ ਸੀ। ਇਸ ਦਸ਼ਾ ਵਿਚ ਗਣੇਸ਼ ਆਪਣੀ ਮਾਂ ਪਾਰਬਤੀ ਪਾਸ ਪੁਜੇ। ਮਾਂ ਨੇ ਸਾਰੀ ਸਥਿਤੀ ਸੁਣ ਸਮਝ ਕੇ ਗਣੇਸ਼ ਉਤੇ ਪ੍ਰਸ਼ਨ ਕੀਤਾ 'ਧਰਤੀ ਕਿਸ ਦੀ ਹੈ ?'

ਗਣੇਸ਼—'ਭਗਵਾਨ ਦੀ'

ਮਾਂ—'ਭਗਵਾਨ ਦਾ ਰੂਪ ਕੀ ਹੈ ?'

ਗਣੇਸ਼—ਥੋੜਾ ਸੋਚ ਵਿਚਾਰ ਕੇ 'ਸ਼ਬਦ'

ਮਾਂ—'ਲਿਖੋ'

ਗਣੇਸ਼ ਨੇ 'ਰਾਮ' ਲਿਖਿਆ

ਮਾਂ ਨੇ ਸਮਝਾਇਆ ਕਿ ਭਗਵਾਨ ਤੇਰੇ ਸਮਕਸ਼ ਹੈ ਤੇ ਧਰਤੀ ਭਗਵਾਨ ਦੀ ਹੈ। ਸੋ ਗਣੇਸ਼ ਭਗਵਾਨ ਦੀ ਪ੍ਰਕਰਮਾ ਕਰਦਾ ਗਿਆ ਤੇ ਧਰਤੀ ਦੀ ਪ੍ਰਕਰਮਾ ਹੁੰਦੀ ਗਈ ਤੇ ਅੰਤ ਵਿਚ ਸਭ ਦੇਵਤਿਆਂ ਨੇ ਸਵੀਕਾਰ ਕੀਤਾ ਕਿ ਗਣੇਸ਼ ਨੇ ਸਭ ਤੋਂ ਪਹਿਲਾਂ ਪ੍ਰਕਰਮਾ ਕੀਤੀ ਕਿਉਂਕਿ ਸਭ ਨੇ ਆਪਣੇ ਅਗੇ ਚੂਹੇ ਦੀ ਪੂਛ ਦੀ ਲਕੀਰ ਵੇਖੀ ਸੀ।

ਇਹ ਇਕ ਪੁਰਾਤਨ ਗਾਥਾ ਹੈ ਜੋ ਦਸਦੀ ਹੈ ਉਸ ਸਮੇਂ 'ਸ਼ਬਦ' ਹੀ ਪ੍ਰਮੇਸ੍ਵਰ ਮੰਨਿਆ ਗਿਆ। ਬਾਅਦ ਵਿਚ ਬ੍ਰਾਹਮਣਾਂ ਨੇ ਇਸ ਗਾਥਾ ਨੂੰ ਮੂਰਤੀ ਪੂਜਕ ਬਣਾਉਣ ਲਈ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਗਣੇਸ਼ ਨੇ ਮਾਤਾ ਪਿਤਾ ਦੀ ਪ੍ਰਕਰਮਾ ਕੀਤੀ।

ਰਮਾਇਣ ਵਿਚੋਂ ਵੀ ਇਸ ਪ੍ਰਕਾਰ ਦੀ ਗਾਥਾ ਮਿਲਦੀ ਹੈ। ਇਕ ਵੇਰ ਵਿਸ਼ਨੂੰ ਜੀ ਨੇ ਨਾਰਦ ਜੀ ਤੋਂ ਪੁਛਿਆ ਕਿ 'ਰਾਮ' ਵਡਾ ਹੈ ਜਾਂ 'ਰਾਮ ਨਾਮ' ਨਾਰਦ ਜੀ ਨੇ ਵਿਸ਼ਨੂੰ ਜੀ ਨੂੰ ਸਮਝਾਉਣ ਲਈ ਹਨੂਮਾਨ



www.AKJ.Org

ਜੀ ਨੂੰ ਉਕਸਾਇਆ ਕਿ ਉਹ ਵਿਸ਼ਨੂੰ ਜੀ ਨੂੰ ਵਧ ਘਟ ਕਹਿਣ ਜਿਸ ਤੇ ਵਿਸ਼ਨੂੰ ਜੀ ਨੇ ਚਿੜ ਕੇ ਹਨੂੰਮਾਨ ਦਾ ਬਧ ਕਰਨ ਦੀ ਪ੍ਰਤਿਗਿਆ ਕਰ ਲਈ। ਇਹ ਸੁਣ ਹਨੂੰਮਾਨ ਜੀ ਨਾਰਦ ਜੀ ਪਾਸ ਪੁਜੇ ਤਾਂ ਨਾਰਦ ਜੀ ਨੇ ਸਮਝਾਇਆ ਕਿ ਉਹ ਨਦੀ ਦੇ ਕਿਨਾਰੇ ਰਾਮ ਨਾਮ ਜਪਣ ਵਿਚ ਮਗਨ ਹੋ ਜਾਣ। ਕਿਹਾ ਜਾਂਦਾ ਹੈ ਕਿ ਵਿਸ਼ਨੂੰ ਜੀ 'ਰਾਮ ਜੀ' ਤੇ ਹੋਰ ਸਾਰਿਆਂ ਨੂੰ ਨਾਲ ਲਈ ਨਦੀ ਦੇ ਕਿਨਾਰੇ ਪੁਜੇ ਤੇ ਜਦ ਨਿਸ਼ਾਨਾ ਸਾਧ ਕੇ ਤੀਰ ਚਲਾਉਣ ਲਗੇ ਤਾਂ ਸਾਹਮਣੇ ਹਨੂੰਮਾਨ ਦੀ ਥਾਂ 'ਰਾਮ' ਨਜ਼ਰ ਆਇਆ। ਦੂਜਾ ਅਸੀਂ ਵੇਖਦੇ ਹਾਂ ਕਿ ਜਦ ਰਾਮ ਚੰਦਰ ਜੀ ਬਨਵਾਸ ਗਏ ਤੇ ਭਰਤ ਜੀ ਉਹਨਾਂ ਨੂੰ ਵਾਪਸ ਲਿਆਉਣ ਲਈ ਪੰਚ ਵਟੀ ਪੁਜੇ ਤਾਂ ਰਾਮ ਚੰਦਰ ਜੀ ਤੇ ਵਾਪਸ ਨ ਪਰਤੇ ਪਰ ਉਨ੍ਹਾਂ ਆਪਣੀਆਂ ਖੜਾਵਾਂ ਜ਼ਰੂਰ ਭਰਤ ਜੀ ਨੂੰ ਦੇ ਦਿਤੀਆਂ ਜਿਨ੍ਹਾਂ ਦੇ ਸਹਾਰੇ ਭਰਤ ਜੀ ਨੇ 14 ਸਾਲ ਰਾਜ ਕੀਤਾ।

ਪਤਾ ਨਹੀਂ ਬ੍ਰਾਹਮਣਾਂ ਨੇ ਕਦ ਤੋਂ ਰਾਮ ਦੇ ਬੁਤ ਬਣਾਏ।

ਇਤਿਹਾਸ ਤੋਂ ਪਤਾ ਲਗਦਾ ਹੈ ਕਿ ਮਹਾਤਮਾ ਬੁਧ ਨੇ ਇਕ ਪੇੜ ਥਲੇ ਨਿਰਵਾਣ ਪ੍ਰਾਪਤ ਕੀਤਾ। ਉਹਨਾਂ ਦੇ ਸਾਹਮਣੇ ਕਿਹੜੀ ਮੂਰਤੀ ਸੀ? ਪਰ ਸਮਾਂ ਬੀਤਣ ਤੇ ਬੋਧੀਆਂ ਨੇ ਵੀ ਹਿੰਦੂਆਂ ਦੀ ਤਰ੍ਹਾਂ ਬੁਧ ਦੇ ਬੁਤ ਬਣਾ ਲਏ ਤੇ ਧੀਰੇ ਧੀਰੇ ਭਾਰਤ ਵਿਚ ਹਿੰਦੂਆਂ ਦਾ ਹੀ ਇਕ ਅੰਸ਼ ਬਣ ਗਏ।

ਧੰਨ ਗੁਰੂ ਨਾਨਕ ਨੇ ਪਿੰਡ ਪਿੰਡ ਤੇ ਹਿੰਦੂਆਂ ਮੁਸਲਮਾਨਾਂ ਦੇ ਪ੍ਰਸਿਧ ਤੀਰਥਾਂ ਦਾ ਭਰਮਣ ਕਰ ਕੇ ਕਰਮ ਕਾਂਡ, ਬੁਤ ਤੇ ਗੋਰ ਪੂਜਾ ਤਥਾ ਕਾਦਰ ਦੀਆਂ ਕੁਦਰਤੀ ਚੀਜ਼ਾਂ ਦੀ ਪੂਜਾ ਨੂੰ ਇਕ ਵਿਅਰਥ ਜੀਵਨ ਦਸਿਆ।

ਮੇਰੀ ਤੁਛ ਬੁਧੀ ਅਨੁਸਾਰ ਕੁਛ ਇਹੋ ਜਿਹੇ ਹੀ ਕਾਰਨ ਮਹਾਰਾਜ ਦਸਮ ਪਾਤਸ਼ਾਹ ਦੇ ਵਿਚਾਰ ਅਧੀਨ ਹੋਣਗੇ ਕਿ ਮਹਾਰਾਜ ਨੇ ਖਾਲਸੇ ਨੂੰ ਸੰਬੋਧਨ ਕਰਦਿਆਂ ਲਿਖਿਆ:—

"ਜਬ ਲਗ ਖਾਲਸਾ ਰਹੇ ਨਿਆਰਾ
ਤਬ ਲਗ ਤੇਜ ਦੀਉ ਮੈਂ ਸਾਰਾ
ਜਬ ਇਹ ਗਹੈ ਬਿਪਰਨ ਕੀ ਰੀਤ
ਮੈਂ ਨ ਕਰੋਂ ਇਨ ਕੀ ਪ੍ਰਤੀਤ"

ਸ਼ਬਦ ਨੂੰ ਹੀ ਗੁਰੂ ਸਾਹਿਬਾਨ ਨੇ ਮਹਾਨ ਦਰਸਾਇਆ ਹੈ। ਸਾਰੇ ਗ੍ਰੰਥ ਸਾਹਿਬ ਦਾ ਪਾਠ ਕਰਨ ਤੋਂ ਪਤਾ ਲਗਦਾ ਹੈ ਕਿ ਮਹਾਰਾਜ ਨੇ 'ਸ਼ਬਦ' ਤੇ ਹੀ ਜ਼ੋਰ ਦਿਤਾ ਹੈ।

'ਕਹੇ ਨਾਨਕ ਸੁਣੋ ਸੰਤੋ ਸ਼ਬਦ ਧਰੋ ਪਿਆਰੋ'
'ਗੁਰ ਕਾ ਸ਼ਬਦ ਰਤਨ ਹੈ ਹੀਰੇ ਜਿਤ ਜੜਾਉ'
'ਸਿਖੋ ਸ਼ਬਦ ਪਿਆਰਿਓ'
'ਸ਼ਬਦ ਮਰੋ ਤਾ ਜੀਵੋ ਸਦ ਹੀ'
'ਅਨਹਦ ਸ਼ਬਦ'

ਗੁਰਬਾਣੀ ਇਹ ਵੀ ਫ਼ਰਮਾਉਂਦੀ ਹੈ 'ਗੁਰ ਕੀ ਮੂਰਤਿ ਮਨ ਮੈ ਧਿਆਨ' ਪਰ ਗੁਰਬਾਣੀ ਵਿਚ ਹੀ ਮੂਰਤਿ ਦੀ ਵਿਆਖਿਆ ਹੈ 'ਗੁਰ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤ ਮਿਲ ਅੰਮ੍ਰਿਤ ਵੇਲਾ।' ਸਿਧ ਗੋਸ਼ਟ ਵਿਚ ਤਾਂ ਮਹਾਰਾਜ ਨੇ 'ਸ਼ਬਦ' ਨੂੰ ਬਿਲਕੁਲ ਸਪਸ਼ਟ ਕੀਤਾ ਹੈ।

ਗੁਰ ਨਾਨਕ ਦੇਵ ਜੀ ਨੇ ਗਦੀ ਗੁਰੂ ਅੰਗਦ ਨੂੰ ਦਿਤੀ। ਗੁਰੂ ਅੰਗਦ ਨੇ ਗੁਰੂ ਨਾਨਕ ਜੀ ਦੀ ਕੋਈ ਮੂਰਤਿ ਜਾਂ ਫੋਟੋ ਨਹੀਂ ਬਣਵਾਈ। 'ਗੁਰ ਨਾਨਕ ਗੁਰ ਅੰਗਦ ਕੇ ਹੀਏ ਮੈਂ' ਇਹ ਗੁਰਬਾਣੀ ਦਾ ਫੁਰਮਾਨ ਹੈ। ਗੁਰੂ ਅਮਰਦਾਸ ਤੇ ਗੁਰੂ ਰਾਮ ਦਾਸ ਉਪਰੰਤ ਜਦ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਗਦੀ ਨਸ਼ੀਨ ਹੋਏ ਤਾਂ ਉਨ੍ਹਾਂ ਨੇ ਹਰਿਮੰਦਰ ਦੀ ਸਥਾਪਨਾ ਕੀਤੀ ਤੇ ਇਸ ਹਰਿਮੰਦਰ ਅੰਦਰ 'ਸ਼ਬਦ' ਦਾ ਹੀ ਪ੍ਰਕਾਸ਼ ਕੀਤਾ। ਮੁਸੱਵਰ ਉਸ ਸਮੇਂ ਵੀ ਸਨ ਪਰ ਮਹਾਰਾਜ ਨੂੰ ਉਨ੍ਹਾਂ ਦੀ ਲੋੜ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਬੁਤ ਪ੍ਰਸਤੀ ਨੂੰ ਬਹੁਤ ਖੰਡਨ ਕੀਤਾ ਹੈ ਤੇ ਇਥੋਂ ਤਕ ਹੁਕਮ ਫੁਰਮਾਇਆ—



www.AKJ.Org

'ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦ ਨ ਪਾਇਓ ।'

ਸਿਰਫ ਇਥੇ ਹੀ ਖਤਮ ਨਹੀਂ ਕੀਤਾ ਤੇ ਇਸ ਵਿਚਾਰ ਤੇ ਜ਼ੋਰ ਦਿੰਦੇ ਹੋਏ ਮਹਾਰਾਜ ਬਹੁਤ ਅਗੇ ਚਲੇ ਗਏ ਤੇ ਸ਼ਾਇਦ ਹੀ ਕੋਈ ਦੁਨੀਆ ਵਿਚ ਇਹ ਸ਼ਬਦ ਜੁਅਰਤ ਕਰਕੇ ਆਪਣੇ ਗੁਰੂ ਪਿਤਾ ਦੀ 'ਸ਼ਵ' ਲਈ ਵਰਤ ਸਕੇ !

'ਠੀਕਰ ਫੋਰ ਦਲੀਸ ਸਿਰ'

ਇਤਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਿਖਾਂ ਨੇ ਘਲੂਘਾਰਿਆਂ ਤੇ ਮਹਾਂ ਔਕੜਾਂ ਦੇ ਸਮੇਂ ਵੀ 'ਸ਼ਬਦ' ਦੀ ਹੀ ਓਟ ਫੜੀ। ਸਿਖ ਘੋੜਿਆਂ ਦੀਆਂ ਕਾਠੀਆਂ ਤੇ ਰਹਿੰਦੇ ਸਨ ਤੇ ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ ।

ਅੰਗ੍ਰੇਜ਼ ਹਕੂਮਤ ਸਥਾਪਤ ਹੋ ਜਾਣ ਮਗਰੋਂ ਇਕ ਵੇਰ ਦਾ ਕਿੱਸਾ ਦਸਿਆ ਜਾਂਦਾ ਹੈ–ਇਕ ਪਲਟਨ ਵਿਚ ਸਭ ਜਾਤੀਆਂ ਦੇ ਬੰਦੇ ਇਕ ਅੰਗ੍ਰੇਜ਼ ਕਰਨਲ ਥਲੇ ਕੰਮ ਕਰਦੇ ਸਨ । ਇਕ ਦਿਨ ਕੁਛ ਸਿਖ ਜਵਾਨਾਂ ਦੀ ਕਵਾਰਟਰ ਗਾਰਡ ਤੇ ਡਿਊਟੀ ਲਗ ਗਈ। ਵਾਹਿਗੁਰੂ ਦੀ ਕਰਨੀ ਉਸ ਦਿਨ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਕਵਾਰਟਰ ਗਾਰਡ ਸਾਹ-ਮਣਿਓਂ ਗੁਜ਼ਰੀ। ਸਿਖ ਜਵਾਨਾ ਨੇ ਮਹਾਰਾਜ ਦੀ ਸਵਾਰੀ ਦੇ ਦਰਸ਼ਨ ਕਰ ਜੋਸ਼ ਵਿਚ ਆਕੇ ਮਹਾਰਾਜ ਨੂੰ ਸ਼ਾਹੀ ਸਲਾਮੀ ਦਿਤੀ । ਥੋੜੇ ਸਮੇਂ ਵਿਚ ਹੀ ਸ਼ਾਹੀ ਸਲਾਮੀ ਦੀ ਖਬਰ ਸਾਰੀ ਪਲਟਨ ਵਿਚ ਫੈਲ ਗਈ । ਕਰਨਲ ਸਾਹਿਬ ਪਾਸ ਸ਼ਕਾਇਤਾਂ ਹੋਣ ਲਗੀਆਂ ਤੇ ਹਿੰਦੂ, ਮੁਸਲਮਾਨ ਤੇ ਇਸਾਈ ਚਾਹੁਣ ਲਗੇ ਕਿ ਗੀਤਾ, ਕੁਰਾਨ ਤੇ ਅੰਜੀਲ ਨੂੰ ਵੀ ਇਸੀ ਪ੍ਰਕਾਰ ਸਲਾਮੀ ਦਿਤੀ ਜਾਵੇ । ਕਰਨਲ ਬਹੁਤ ਸਮੇਂ ਤੋਂ ਹਿੰਦੁਸਤਾਨ ਵਿਚ ਕੰਮ ਕਰ ਚੁਕੇ ਸਨ ਤੇ ਬੜੇ ਸੁਲਝੇ ਹੋਏ ਵਿਚਾਰ ਰਖਦੇ ਸਨ । ਹੁਕਮ ਦਿਤਾ ਕਿ ਸਭ ਧਰਮਾਂ ਦੀ ਮੀਟਿੰਗ ਬੁਲਾਈ ਜਾਵੇ ਜਿਥੇ ਸਭ ਤੋਂ ਪਹਿਲਾਂ ਪਾਦਰੀ ਅੰਜੀਲ ਲੈ ਕੇ, ਉਸ ਤੋਂ ਉਪ੍ਰੰਤ ਮੌਲਵੀ ਕੁਰਾਨ ਲੈ ਕੇ ਤੇ ਫਿਰ ਪੰਡਤ ਗੀਤਾ ਲੈ ਕੇ ਤੇ ਅੰਤ ਵਿਚ ਸਿਖ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਪੁਜਣਗੇ ।

ਨੀਯਤ ਸਮੇਂ ਤੇ ਸਾਰੀ ਪਲਟਨ ਆਪਣੇ ਔਹਦੇ ਦੇ ਮੁਤਾਬਕ ਸੋਫੇ, ਕੁਰਸੀਆਂ ਤਥਾ ਫਰਸ਼ ਤੇ ਬੈਠ ਗਈ । ਸਭ ਤੋਂ ਪਹਿਲਾਂ ਪਾਦਰੀ ਆਏ ਬਗਲ ਵਿਚ ਅੰਜੀਲ, ਕਰਨਲ ਸਾਹਿਬ ਨੇ ਉਠ ਕੇ ਪੰਜਾ ਲਿਆ ਤੇ ਸੋਫੇ ਤੇ ਬੈਠਣ ਲਈ ਇਸ਼ਾਰਾ ਕੀਤਾ । ਪਾਦਰੀ ਦੇ ਬ੍ਰਾਜਮਾਣ ਹੋਣ ਉਪ੍ਰੰਤ ਮੌਲਵੀ ਜੀ ਤੇ ਫਿਰ ਪੰਡਤ ਜੀ ਆਏ ਤੇ ਪਾਦਰੀ ਦੀ ਤਰ੍ਹਾਂ ਹੀ ਮਸ਼ਕ ਪੂਰੀ ਕਰਨ ਪਿਛੋਂ ਸੋਫੇ ਤੇ ਬ੍ਰਾਜਮਾਣ ਹੋ ਗਏ ।

ਥੋੜਾ ਹੀ ਸਮਾਂ ਬੀਤਿਆ ਜਦ ਢੋਲਕੀ ਛੈਣਿਆਂ ਦੀ ਆਵਾਜ਼ ਸੁਣਾਈ ਦਿਤੀ ਤੇ ਝਟ ਪਿਛੋਂ ਪੰਜ ਸਤ ਸਿੰਘ ਦੌੜਦੇ ਆਏ, ਉਨ੍ਹਾਂ ਪਾਣੀ ਦਾ ਛੜਕਾਓ ਕੀਤਾ ਤੇ ਦਰੀਆਂ ਵਿਛਾ ਚਾਨਣੀ ਤਾਣ ਦਿਤੀ। ਇਤਨੀ ਹੀ ਦੇਰ ਵਿਚ ਢੋਲਕੀ ਛੈਣਿਆਂ ਦੀ ਆਵਾਜ਼ ਪਾਸ ਪੁਜ ਗਈ ਤੇ ਨਾਲ ਹੀ ਸ਼ਬਦ ਕੀਰਤਨ ਨਾਲ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਵੀ । ਦਰਸ਼ਨ ਕਰ ਸਾਰੇ ਉਪਸਤਤ ਸਿੰਘ ਗੁਰੂ ਸਾਹਿਬ ਦੇ ਆਦਰ ਲਈ ਖੜੇ ਹੋ ਗਏ । ਇਹ ਵੇਖ ਕਰਨਲ ਵੀ ਆਪਣੀ ਜਗ੍ਹਾ ਤੇ ਖੜੇ ਹੋ ਗਏ । ਕਰਨਲ ਨੂੰ ਖੜਾ ਵੇਖ ਸਾਰੀ ਪਲਟਨ ਹੀ ਖੜੀ ਹੋ ਗਈ ਜਿਸ ਵਿਚ ਪਾਦਰੀ, ਮੁਲਾਂ ਤੇ ਪੰਡਤ ਵੀ ਸ਼ਾਮਲ ਸਨ ।

ਗੁਰੂ ਗ੍ਰੰਥ ਸਾਹਿਬ ਨੂੰ ਪਲੰਘ ਤੇ ਬ੍ਰਾਜਮਾਨ ਕਰ ਸਿੰਘਾਂ ਨੇ ਅਰਦਾਸਾ ਕੀਤਾ ਤੇ ਜੈਕਾਰੇ ਮਗਰੋਂ ਕਰਨਲ ਸਾਹਿਬ ਨੇ ਸਾਰੇ ਉਪਸਤਤ ਸਜਣਾਂ ਤੋਂ ਪੁਛਿਆ । 'ਦਸੋ ਹਾਲਾਂ ਵੀ ਨਿਰਣੇ ਦੀ ਲੋੜ ਹੈ ?'

'ਸਭ ਤੇ ਵਡਾ ਸਤਿਗੁਰੁ ਨਾਨਕ' ਅਜ ਜਿਸ ਦਾ ਰੂਪ ਗੁਰੂ ਗ੍ਰੰਥ ਸਾਹਿਬ ਹੈ । ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਅਜ ਗੁਰੂ ਸਾਹਿਬਾਨ ਦੀ ਮੂਰਤੀ ਨੂੰ ਬਹੁਤ ਮਹਾਨਤਾ ਦਿਤੀ ਜਾਣ ਲਗ ਪਈ ਹੈ । (ਇਹੋ ਸਥਿਤੀ ਸਿੰਘ ਸਭਾ ਲਹਿਰ ਤੋਂ ਪਹਿਲਾਂ ਵੀ ਸੀ, ਮੇਰੇ ਪੂਜਯ ਪਿਤਾ ਜੀ ਦਸਦੇ ਹਨ) ਤੇ


www.AKJ.Org

ਗੁਰਦਵਾਰਿਆਂ ਵਿਚ ਮਹਾਰਾਜ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੁੰਦੇ ਹੋਏ ਵੀ ਗੁਰੂ ਸਾਹਿਬਾਨ ਦੀਆਂ ਫੋਟੋ ਆਦਿ ਤੇ ਫੁਲ, ਸੇਹਰੇ ਆਦਿ ਚੜ੍ਹਾਏ ਜਾਂਦੇ ਹਨ ਤੇ ਮਨਤਾਂ ਮਨੀਆਂ ਜਾਂਦੀਆਂ ਹਨ।

ਬਾਬੇ ਦੀ ਬਖਸ਼ਸ਼ ਦ੍ਵਾਰਾ ਮੈਨੂੰ ਦੁਸ਼ਟ ਦਮਨ (ਦਸਮ ਪਿਤਾ ਦੇ ਪੂਰਵ ਜਨਮ) ਦੇ ਤਪ ਅਸਥਾਨ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਹੈ। 1968 ਵਿਚ ਜਦ ਜਥਾ ਦਰਸ਼ਨਾ ਲਈ ਜਾ ਰਿਹਾ ਸੀ ਤਾਂ ਰਸਤੇ ਵਿਚ ਸਾਨੂੰ ਕਲੇਰਾਂ ਦੇ ਸੰਤ ਸਾਧੂ ਸਿੰਘ ਜੀ ਮਹਾਰਾਜ ਆਪਣੇ ਜਥੇ ਸਮੇਤ ਮਿਲ ਗਏ। ਜਦ ਸੰਤ ਜੀ ਗੋਬਿੰਦ ਘਾਟ ਤੋਂ ਸ੍ਰੀ ਹੇਮਕੁੰਟ ਗਏ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਤਪ ਅਸਥਾਨ ਤੇ ਪ੍ਰਕਾਸ਼ ਲਈ ਲੈ ਗਏ। ਇਹ ਜਤਨ ਬਹੁਤ ਸ਼ਲਾਘਾ ਯੋਗ ਹੈ ਪਰ ਦੁਖ ਦਾ ਕਾਰਨ ਇਹ ਬਣਿਆ ਕਿ ਇਕ ਵਡੀ ਤਸਵੀਰ ਦਸਮ ਪਿਤਾ ਦੀ ਸ਼ੀਸ਼ੇ ਵਿਚ ਮੜ੍ਹੀ ਤਪ ਅਸਥਾਨ ਤੇ ਜਾ ਲਟਕਾਈ। ਪਿਛੋਂ ਪੁਜੀਆਂ ਸੰਗਤਾਂ ਨੇ ਉਸ ਫੋਟੋ ਤੇ ਸੇਹਰੇ ਚੜ੍ਹਾਏ। ਹੈਰਾਨੀ ਦੀ ਗਲ ਹੈ ਕਿ ਬੁਤ ਪੂਜਕਾਂ ਨੂੰ ਦਸਮ ਪਿਤਾ ਪਸ਼ੂ ਦਰਸਾਂਦੇ ਹਨ ਪਰ ਉਹਨਾਂ ਦੇ ਸਿਖ ਹੀ ਮੂਰਤਿ ਬਣਾ ਗੁਰਦਵਾਰਿਆਂ (ਅਕਾਲ ਤਖਤ, ਪਟਨਾ ਸਾਹਿਬ, ਹਜ਼ੂਰ ਸਾਹਿਬ, ਸੀਸ ਗੰਜ, ਰਕਾਬ ਗੰਜ, ਹੇਮ ਕੁੰਟ ਟ੍ਰਸਟ ਦੇ ਗੁਰਦਵਾਰਿਆਂ, ਕਾਨ੍ਹਪੁਰ ਸਿੰਘ ਸਭਾ ਦੇ ਗੁਰਦਵਾਰਿਆਂ ਤੇ ਹੋਰ ਅਨੇਕਾਂ ਗੁਰਦਵਾਰੇ, ਗੁਰਧਾਮਾਂ ਆਦਿ) ਵਿਚ ਲਟਕਾਉਣ ਤਾਂ ਉਹਨਾਂ ਨੂੰ ਕੀ ਕਿਹਾ ਜਾ ਸਕਦਾ ਹੈ?

ਵਾਪਸੀ ਤੇ ਸੰਤ ਰਾਮ ਭਰਭੂਰ ਸਿੰਘ ਜੀ ਮਹਾਰਾਜ ਸਾਡੀ ਬਸ ਵਿਚ ਸਨ ਤੇ ਕਥਾ ਕਰਦਿਆਂ ਫਰਮਾਇਆ ਨੇ—ਇਕ ਗੁਰਸਿਖ ਨਾਲ ਉਹਨਾਂ ਦਾ ਬਹੁਤ ਪਿਆਰ ਸੀ, ਇਕ ਵੇਰ ਜਦ ਉਹ (ਸੰਤ ਜੀ) ਗੁਰਸਿਖ ਨੂੰ ਮਿਲਣ ਲਈ ਗਏ ਤਾਂ ਅਗੋਂ ਗੁਰਸਿਖ ਦਾ ਸਪੁਤਰ ਮਿਲਿਆ ਤੇ ਉਸ ਤੋਂ ਪਤਾ ਲਗਾ ਕਿ ਗੁਰਸਿਖ ਚਲਾਣਾ ਕਰ ਗਏ ਹਨ। ਸੰਤ ਜੀ ਨੇ ਗੁਰਸਿਖ ਦੀ ਫੋਟੋ ਉਹਨਾਂ ਦੇ ਸਪੁਤਰ ਤੋਂ ਮੰਗੀ ਤਾਂ ਅਗੋਂ ਉਤਰ ਮਿਲਿਆ ਪਿਤਾ ਜੀ ਨੇ ਕਦੇ ਫੋਟੋ ਨਹੀਂ ਖਿਚਾਈ। ਕਹਿੰਦੇ ਸਨ ਕਿ ਬੁਤ ਦੀ ਫੋਟੋ ਕਿਸ ਲਈ ਹੋਵੇ ਜਦ ਕਿ 'ਜੀਵ' ਜੋ ਰਾਮ ਦਾ ਅੰਸ਼ ਹੈ ਦੀ ਫੋਟੋ ਲਈ ਨਹੀਂ ਜਾ ਸਕਦੀ।

ਸਿਖੀ ਇਕ ਜੀਵਨ ਹੈ ਵਖਾਵਾ ਨਹੀਂ।

ਪਿਛਲੇ ਸਾਲ ਵਿਸ਼ਵ ਵਿਚ ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਬੜੇ ਧੂਮ ਧਾਮ ਨਾਲ ਮਨਾਇਆ ਗਿਆ। ਸਾਰੇ ਵਿਸ਼ਵ ਦੇ ਮਨੁਸ਼ਾਂ ਤੇ ਇਹ ਵਡੇ ਪੈਮਾਨੇ ਤੇ ਦਰਸਾਇਆ ਗਿਆ ਕਿ ਸਿਖੀ ਹੀ ਇਕ ਐਸਾ ਜੀਵਨ ਹੈ ਜਿਸ ਦਾ ਮੂਲ ਮੰਤ੍ਰ ਵੀ ਸਾਰੇ ਫਿਰਕੇ, ਜਾਤੀਆਂ ਤੇ ਧਰਮਾਂ ਲਈ ਸਾਂਝਾ ਹੈ। ਇਥੇ ਕਾਨ੍ਹਪੁਰ ਵਿਚ ਵੀ ਇਕ ਹਫਤਾ ਇਹ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਗਿਆਨੀ ਕੇਹਰ ਸਿੰਘ ਜੀ ਵੈਰਾਗੀ ਨੂੰ ਖਾਸ ਤੌਰ ਤੇ ਪੰਜਾਬ ਤੋਂ ਬੁਲਾਇਆ ਗਿਆ। ਜਿਸ ਮੰਚ ਤੇ ਮਹਾਰਾਜ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਉਥੇ ਹੀ ਗੁਰੂ ਨਾਨਕ ਦੇਵ ਜੀ ਦੀਆਂ ਦੋ ਸ਼ਰੀਰ ਜਿਨੀਆ ਵਡੀਆਂ ਫੋਟੋ (ਤਸਵੀਰਾਂ) ਰਖੀਆਂ ਸਨ ਜਿਨ੍ਹਾਂ 'ਚੋਂ ਇਕ ਤੇ ਪਰਦਾ ਸੀ।

ਗਿਆਨੀ ਜੀ ਨੇ ਬੜੀ ਧੂਆਂ ਧਾਰ ਤਕਰੀਰ ਕੀਤੀ ਤੇ ਸਾਰਿਆਂ ਹਜ਼ੂਰੀ ਵਿਚ ਬੈਠਿਆਂ ਮਨੁਸ਼ਾਂ ਤੇ ਇਹ ਦਰਸਾਇਆ ਕਿ ਹਿੰਦੂ ਮੂਰਤੀ ਪੂਜਕ ਹਨ ਪਰ ਗੁਰੂ ਨਾਨਕ ਜੀ ਨੇ ਆਪਣੇ ਭ੍ਰਮਣ ਦੇ ਦੋਰਾਨ ਮੂਰਤੀ ਪੂਜਾ ਤੇ ਕਰੜੀ ਸਟ ਮਾਰੀ ਤੇ ਅਸਾਂ ਜੀਵਾਂ ਦਾ ਉਦਾਰ ਕਰਦੇ ਹੋਏ ਪੁਰਾਣੀਆਂ ਰੂੜੀਆਂ 'ਚੋਂ ਕਢਿਆ।

ਭਾਸ਼ਣ ਜਦ ਖਤਮ ਹੋਇਆ ਤਾਂ ਮੈਂ ਗਿਆਨੀ ਤੋਂ ਇਕ ਪਾਸੇ ਹੋ ਥੋੜਾ ਸਮਾਂ ਮੰਗਿਆ ਪਰ ਇਹ ਕਹਿ ਕੇ ਟਾਲ ਦਿਤਾ ਗਿਆ 'ਫਿਰ ਕਦੀ'

ਮੇਰੇ ਪੰਡਾਲ ਵਿਚ ਮੁੜਨ ਤੇ ਮੈਂ ਜੋ ਦੇਖਿਆ ਇਹ ਮੰਨਣ ਵਿਚ ਨਹੀਂ ਆ ਸਕਦਾ ਪਰ ਹੋਇਆ ਜ਼ਰੂਰ। ਕੀ ਦੇਖਦਾ ਹਾਂ ਕਿ ਇਥੇ ਦੇ ਸ੍ਰੀ 108 ਸੰਤ ਮੋਹਣ ਸਿੰਘ ਜੀ ਗੁਰੂ ਨਾਨਕ ਜੀ ਦੀ ਫੋਟੋ ਤੋਂ ਪਰਦਾ ਹਟਾ ਰਹੇ ਹਨ। ਬੜੀ ਹੈਰਾਨੀ ਦੀ ਗਲ ਹੈ ਕਿ ਜਿਸ ਮੰਚ ਤੋਂ ਦੋ ਮਿੰਟ ਪਹਿਲਾਂ ਮੂਰਤਿ ਨੂੰ ਖੰਡਣ ਕੀਤਾ



www.AKJ.Org

ਗਿਆ ਉਸੇ ਤੋਂ ਹੀ ਮੂਰਤਿ ਦੇ ਦਰਸ਼ਨ ਕਰਾਏ ਗਏ।

ਮੈਂ ਗਿਆਨੀ ਜੀ ਤੋਂ ਪੁਛਣਾ ਚਾਹੁੰਦਾ ਸਾਂ ਕਿ ਮੰਚ ਤੇ ਫੋਟੋ ਕਿਸ ਲਈ ?

ਇਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਦਸਮ ਪਿਤਾ ਨੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਤੇ ਫਰਮਾਇਆ ਦਰਸ਼ਨ ਖਾਲਸੇ ਦਾ ਤੇ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸੋਂ। ਅੰਮ੍ਰਿਤ ਛਕਣ ਲਗਿਆਂ ਸਾਨੂੰ ਆਦੇਸ਼ ਦਿਤਾ ਜਾਂਦਾ ਹੈ ਕਿ ਪਿਤਾ ਅਸਾਡੇ ਗੁਰੂ ਗੋਬਿੰਦ ਸਿੰਘ ਹਨ ਜ਼ਿਨ੍ਹਾਂ ਦੀ ਗਦੀ ਤੇ ਅਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਬ੍ਰਾਜਮਾਨ ਹਨ ਜੋ ਅਸਾਡੇ ਹਾਜ਼ਰ ਨਾਜ਼ਰ ਗੁਰੂ ਹਨ। ਕਿਆ ਕੋਈ ਮਨੁਸ਼ ਆਪਣੇ ਹਾਜ਼ਰ ਨਾਜ਼ਰ ਪਿਤਾ ਦੇ ਹੁੰਦਿਆਂ ਉਹਨਾਂ ਦੀ ਫੋਟੋ ਤੇ ਸੇਹਰੇ ਆਦਿ ਚੜ੍ਹਾ ਸਕਦਾ ਹੈ ? ਜੇ ਚੜ੍ਹਾਉਂਦੇ ਹਨ ਤਾਂ ਆਪਣੇ ਪਿਤਾ ਦੇ ਸ਼ੁਭ ਇਛੁਕ ਨਹੀਂ।

ਕੀ ਸਿਖ ਦਸਮ ਪਾਤਸ਼ਾਹ ਦੀ ਦਾਦੂ ਦੀ ਕਬਰ ਤੇ ਸਲਾਮ ਕਰਕੇ ਆਪਣੇ ਸਾਥੀ ਸਿਖਾਂ ਦਾ ਇਮਤਹਾਨ ਲੈਣ ਵਾਲੀ ਸਾਖੀ ਭੁਲ ਗਏ ਹਨ। ਵਾਹ ਰੇ ਗੁਰੂ ਕੇ ਪਿਆਰੇ ਸਿੰਘੋ ਤੁਸਾਂ ਤਾਂ ਗੁਰੂ ਨੂੰ ਵੀ ਤਨਖਾਹੀਆ ਕਰਾਰ ਦੇਣ ਵਿਚ ਢਿਲ ਨ ਲਾਈ ਪਰ ਹਾਏ ਰੇ ਸਮੇਂ ਦੇ ਫੇਰ ਅਜ ਉਨ੍ਹਾਂ ਦੀ ਹੀ ਅੰਸ ਗੁਰੂ ਤੋਂ ਇਸ ਤਰ੍ਹਾਂ ਬੇਮੁਖ ਹੋ ਸਕਦੀ ਹੈ।

"Kings Treasures" ਬਾਦਸ਼ਾਹਾਂ ਦੇ ਖਜ਼ਾਨੇ ਇਕ ਅੰਗ੍ਰੇਜ਼ ਦਾ ਲੇਖ ਹੈ। ਇਸ ਵਿਚ ਲੇਖਕ ਦਸਦਾ ਹੈ ਕਿ ਵਡੇ ਆਦਮੀਆਂ ਨਾਲ ਭੇਟ ਬਹੁਤ ਕਠਿਨ ਹੈ ਪ੍ਰੰਤੂ ਉਨ੍ਹਾਂ ਦੀ ਲੇਖਣੀ ਪੜ੍ਹਨ ਨਾਲ ਇਓਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਨਾਲ ਗਲਾਂ ਕਰਦੇ ਹੋਈਏ।

ਸਾਹਿਬਾਂ ਦਾ ਹੁਕਮ ਹੈ।
ਬਾਣੀ ਗੁਰੂ, ਗੁਰੂ ਹੈ ਬਾਣੀ।
ਵਿਚ ਬਾਣੀ ਅੰਮ੍ਰਿਤ ਸਾਰੇ।
ਗੁਰਬਾਣੀ ਕਹੈ ਸੇਵਕ ਜਨ ਮਾਨੇ।
ਪਰਤਖ ਗੁਰੂ ਨਿਸਤਾਰੇ।

ਅੰਤ ਵਿਚ ਮੈਂ ਇਹ ਵੀ ਦਰਿੜ ਕਰਾ ਦਿਆਂ ਕਿ ਸਤਿਗੁਰ ਹਰਿ ਰਾਇ ਸਾਹਿਬ ਨੇ ਆਪਣੇ ਬੇਟੇ ਰਾਮ ਰਾਇ ਨੂੰ ਕੇਵਲ ਇਸ ਗਲ ਤੋਂ ਦਰਸ਼ਨ ਦੇਣ ਤੇ ਮੁਆਫ ਕਰਨ ਤੋਂ ਇਨਕਾਰ ਕਰ ਦਿਤਾ ਸੀ ਕਿ ਰਾਮ ਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿਚ 'ਮੁਸਲਮਾਨ' ਦੀ ਥਾਂ 'ਬੇਈਮਾਨ' ਵਰਤਿਆ ਸੀ। ਕੀ ਪੁਰਾਤਨ ਸਮੇਂ ਤੋਂ ਚਲਦੀ ਆਈ ਸਿਖ ਸੰਗਤਾਂ ਦੀ ਗੂੰਜ 'ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੁ ਉਤਰੇ ਪਾਰਿ' ਨੂੰ 'ਨਾਨਕ ਨਾਮ ਜਹਾਜ਼ ਹੈ' ਵਿਚ ਤਬਦੀਲ ਕਰਨ ਵਾਲਿਆਂ ਨੂੰ ਤੇ ਉਨ੍ਹਾਂ ਨਾਲ ਸਹਿਮਤ ਹੋਣ ਵਾਲਿਆਂ ਨੂੰ ਗੁਰੂ ਮੁਆਫ ਕਰ ਦੇਵੇਗਾ ?

— —


## ਸਾਡੀ ਸੇਵਾ ਤੋਂ ਲਾਭ ਉਠਾਉ

ਜਦੋਂ ਵੀ ਆਪ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰਮਤਿ ਸਬੰਧੀ ਪੁਸਤਕਾਂ, ਸ਼ਰੋਮਣੀ ਕਮੇਟੀ ਦਾ ਲਿਟਰੇਚਰ ਖਾਸ ਕਰਕੇ ਸੰਥਾ ਸੈਂਚੀਆਂ ਦੋ ਜਿਲਦਾਂ ਵਿਚ (ਗੁਰੂ ਗ੍ਰੰਥ ਸਾਹਿਬ ਜੀ ਦੀਆਂ) ਜਿਸ ਦੀ ਭੇਟਾ ਲਾਗਤ ਮਾਤਰ ਇਕ ਦੀ ਭੇਟਾ ਦਸ ਰੁਪਏ ਹੈ।

ਜਦੋਂ ਵੀ ਆਪ ਜੀ ਨੂੰ ਲੋੜ ਪਵੇ ਹੁਕਮ ਕਰ ਭੇਜੋ ਹੁਕਮ ਦੀ ਪਾਲਨਾ ਉਸੇ ਵੇਲੇ ਕੀਤੀ ਜਾਵੇਗੀ। ਹੁਕਮ ਦੇ ਨਾਲ ਪੇਸ਼ਗੀ ਜ਼ਰੂਰ ਭੇਜੋ।

ਪੁਸਤਕਾਂ ਭੇਜਣ ਦਾ ਪੈਕਿੰਗ ਤੇ ਡਾਕ ਖਰਚ ਆਪ ਜੀ ਦਾ ਹੋਵੇਗਾ।

ਦਾਸ ਮੈਨੇਜਰ
'ਸੂਰਾ' ਪੁਸਤਕ ਭੰਡਾਰ, ਧੋਬੀ ਘਾਟ, ਪਟਿਆਲਾ।





www.AKJ.Org

ਗੁਰਮਤਿ ਵਿਚ ਨਾਰੀ ਦਾ ਅਧਿਕਾਰ—

# ਖਾਲਸਈ ਰਹਿਤ ਦਾ ਅੰਗ 'ਸੁਚਜੀ ਕੇਸਕੀ'

(ਵਲੋਂ—ਸ: ਅਮਰਜੀਤ ਸਿੰਘ, ਦਾਰਜੀਲਿੰਗ (ਬੰਗਾਲ)

ਨਾਰੀ ਨੂੰ ਭਾਰਤ ਵਿਚ ਅਬਲਾ ਦਾ ਨਾਉ ਦਿਤਾ ਜਾਂਦਾ ਸੀ। ਕੇਵਲ ਭਾਰਤ ਵਿਚ ਹੀ ਨਹੀਂ ਬਲਕਿ ਤਕਰੀਬਨ ਸਾਰੇ ਦੇਸ਼ਾਂ ਵਿਚ ਨਾਰੀ ਦੀ ਦਸ਼ਾ ਹੀਨ ਸੀ। ਧਰਮ ਤੇ ਜੀਵਨ ਦੇ ਹੋਰ ਖੇਤਰਾਂ ਵਿਚ ਨਾਰੀ ਨੂੰ ਪੂਰੇ ਅਧਿਕਾਰ ਨਹੀਂ ਸਨ ਦਿਤੇ ਜਾਂਦੇ। ਇਸ ਅਯੋਗ ਗਲ ਨੂੰ ਨ ਸਹਾਰਦੇ ਹੋਏ ਸਿਖ ਗੁਰੂ ਸਾਹਿਬਾਂ ਨੇ ਨਾਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਦੇਣ ਵਿਚ ਭਰਪੂਰ ਸਫ਼ਲ ਯਤਨ ਕੀਤੇ। ਦਸਮੇਸ਼, ਅੰਮ੍ਰਿਤੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਇਸਤ੍ਰੀ ਜਾਤੀ ਨੂੰ ਪੁਰਸ਼ਾਂ ਦੇ ਸਮਾਨ ਅਧਿਕਾਰ ਦੇਣ ਲਈ ਜੋ ਬੇਮਿਸਾਲ, ਸੁਚਜਾ ਤੇ ਸਫਲ ਕਾਰਨਾਮਾ ਕੀਤਾ, ਉਹ ਸੰਸਾਰ ਵਿਖੇ ਗੁਰਮਤਿ ਦੀ ਮਹਾਨਤਵ ਗੌਰਵਤਾ ਨੂੰ ਪ੍ਰਗਟਾਂਦਾ ਹੈ। ਸ੍ਰੀ ਦਸਮੇਸ਼ ਜੀ ਦਵਾਰਾ ਕੀਤੇ ਮਹਾਨ ਓਪਕਾਰਾਂ ਵਿਚੋਂ (ਜੋ ਕਿ ਸਾਰੀ ਮਨੁਖਤਾ ਲਈ ਸਾਂਝੇ ਹਨ।) ਜਿਸ ਉਪਕਾਰ ਲਈ ਮਨੁਖਤਾ ਦੀ ਇਸਤ੍ਰੀ ਜਾਤੀ ਦਸਮੇਸ਼ ਗੁਰੂ ਜੀ ਦੀ ਸਦਾ ਰਿਣੀ ਰਹੇਗੀ, ਉਹ ਕਾਰਨਾਮਾ ਹੈ, ਖੰਡੇ ਦੇ ਅੰਮ੍ਰਿਤ ਦੀ ਦਾਤ ਇਸਤ੍ਰੀ ਜਾਤੀ ਨੂੰ ਵੀ ਦੇ ਕੇ ਪੁਰਸ਼ ਦੀ ਤਰਾਂ ਦੇਕੇ ਪੁਰਸ਼ ਦੀ ਤਰਾਂ ਹੀ ਖਾਲਸਾ ਸਜਾਉਣਾ।

ਅਬਲਾ (ਬਲਹੀਨ) ਨੂੰ ਸਬਰਾ (ਬਲ ਸ਼ੀਲ) ਬਨਾਉਣ ਵਿਚ ਜੋ ਅਸਚਰਜ ਅਮਲੀ ਕੰਮ ਸ੍ਰੀ ਕਲਗੀਧਰ ਜੀ ਨੇ ਖੰਡੇ ਦੇ ਅੰਮ੍ਰਿਤ ਦਵਾਰਾ ਕੀਤਾ ਉਹ ਸੰਸਾਰ ਦਾ ਕੋਈ ਵਡੇ ਤੋਂ ਵਡਾ ਸੁਧਾਰਕ, ਲੇਖਕ ਜਾ ਨੇਤਾ ਨਹੀਂ ਕਰ ਸਕਿਆ। ਗੁਰਦੇਵ ਜੀ ਨੇ, ਸੰਸਾਰ ਵਿਖੇ ਖੰਡੇ ਦੇ ਅੰਮ੍ਰਿਤ ਦਵਾਰਾ ਉਦਿਤ ਹੋਏ ਇਸ ਨਵੇਂ ਅਟਲ-ਧਰਮ (ਜਿਸ ਲਈ ਦਸਮੇਸ਼ ਜੀ ਨੇ ਜੁਗੋ-ਜੁਗ ਅਟਲ ਗੁਰੂ ਦੀ ਸਥਾਪਨਾ ਕੀਤੀ) ਨੂੰ 'ਖਾਲਸਾ' ਪੰਥ ਦਾ ਉਚਾ-ਸੁਚਾ ਸ਼ੁਭ ਨਾਮ ਦਿਤਾ। ਇਸ ਪੰਥ ਵਿਚ ਹਰ ਇਕ ਮਨੁਖ (ਇਸਤ੍ਰੀ ਜਾਂ ਮਰਦ) ਜੋ ਚਾਹੇ ਸ਼ਾਮਲ ਹੋ ਸਕਦਾ ਹੈ, (ਇਸ ਦੇ ਨਿਯਮਾਂ ਨੂੰ ਧਾਰਨ ਕਰਕੇ) ਭਾਵੇਂ ਉਹ ਕਿਸੇ ਵੀ ਜ਼ਾਤੀ, ਦੇਸ਼ ਤੇ ਧਰਮ ਵਿਚੋਂ ਹੋਵੇ। ਖਾਲਸਾ ਜੀ ਦੀਆਂ ਰਹਿਤਾਂ ਬਹਿਤਾਂ ਇਸਤ੍ਰੀ ਮਰਦ ਦੋਹਾਂ ਤੇ ਇਕੋ ਜੇਹੀਆਂ ਲਾਗੂ ਹੁੰਦੀਆਂ ਹਨ, ਤੇ ਬਰਾਬਰੀ ਦੇ ਹੱਕ ਮਿਲਦੇ ਹਨ। ਭਾਵੇਂ ਨਾਮ, ਦਾਨ ਇਸ਼ਨਾਨ ਦਾ ਇਸਤ੍ਰੀ ਨੂੰ ਮਰਦ ਦੀ ਤਰ੍ਹਾਂ ਪੂਰਾ ਪੂਰਾ ਅਧਿਕਾਰ ਸਿਖਾਂ ਵਿਚ ਪਹਿਲੀ ਪਾਤਸ਼ਾਹੀ ਤੋਂ ਹੀ ਪ੍ਰਾਪਤ ਹੋਇਆ ਸੀ, ਪਰੰਤੂ ਹੁਣ—ਜਦੋਂ ਖਾਲਸਾ ਰੂਪ ਵਿਚ ਸਿਖ ਦਾ ਰੂਪ ਪਲਟਿਆ ਅਤੇ ਮਰਦ ਨੂੰ ਸ਼ਸਤਰਧਾਰੀ ਹੋਣ ਦਾ (ਲਾਜ਼ਮੀ) ਹੁਕਮ ਕੀਤਾ ਤਾਂ, ਦਸਮੇਸ਼ ਜੀ ਨੇ ਇਸਤ੍ਰੀ ਨੂੰ ਇਸ ਅਧਿਕਾਰ ਤੋਂ ਵੰਚਿਤ ਨਹੀਂ ਰਖਿਆ। ਬਲਕਿ ਪੰਜ ਕਕਾਰੀ ਰਹਿਤ ਵਿਚ 'ਕਿਰਪਾਨ'–ਖਾਲਸਾ ਜੀ ਲਈ ਪਰਮ ਆਵਸ਼ਕ ਦ੍ਰਿੜ ਕਰਾ ਕੇ ਨਾਰੀ ਨੂੰ ਮਰਦ ਦੀ ਤਰ੍ਹਾਂ ਹੀ ਸ਼ਸਤਰਧਾਰੀ ਬਣਾ ਦਿਤਾ। ਇਹ ਅਧਿਕਾਰ ਗੁਰਦੇਵ ਜੀ ਨੇ ਇਸਤ੍ਰੀ ਲਈ ਸਿਰਫ਼ ਸ਼ਸਤਰਧਾਰੀ ਹੋਣ ਤਕ ਹੀ ਸੀਮਤ ਨਹੀਂ ਰਖਿਆ, ਬਲਕਿ



www.AKJ.Org

ਖਾਲਸਾ ਪੰਥ ਦੇ ਇਤਿਹਾਸ ਵਿਚ ਅੰਮ੍ਰਿਤਧਾਰੀ ਇਸਤ੍ਰੀਆਂ ਦੁਆਰਾ ਭਿਆਨਕ ਜੰਗਾਂ ਜੁਧਾਂ ਵਿਚ ਸ਼ਾਮਲ ਹੋ ਕੇ ਵੀਰਤਾ ਵਖਾਉਣ ਦੇ ਅਨੇਕਾਂ ਉਦਾਹਰਣ ਮਿਲਦੇ ਹਨ। ਮਾਈ ਭਾਗ ਕੌਰ ਜੀ ਦੀ ਬਹਾਦਰੀ ਦੀ ਪ੍ਰਸੰਸਾ ਦਸਮੇਸ਼ ਜੀ ਨੇ ਆਪ ਕੀਤੀ ਸੀ ਤੇ ਮੇਹਰਾਂ ਦਾ ਮੀਂਹ ਉਹਨਾਂ ਤੇ ਵਰਸਾਇਆ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਣ ਸਮੇਂ ਤੇ ਦਸਮੇਸ਼ ਜੀ ਦੇ ਸਚਖੰਡ ਪਿਯਾਨੇ ਤੋਂ ਬਾਅਦ ਅਨੇਕਾਂ ਲੜਾਈਆਂ, ਖੂਨੀ ਘਲੂਘਾਰਿਆਂ ਵਿਚ ਸਿੰਘਣੀਆਂ ਦੀ ਵੀਰਤਾ ਜਗਤ ਵਿਚ ਬੇਮਿਸਾਲ ਹੈ। ਸੋ ਇਸਤ੍ਰੀ ਜਾਤੀ ਨੂੰ ਸਦਾ ਲਈ ਸਬਲਾ ਬਨਾਉਣ ਦਾ ਉਪਕਾਰ ਦਸਮੇਸ਼ ਜੀ ਨੇ ਕਥਨੀ-ਕਰਨੀ ਦੋਹਾਂ ਤਰ੍ਹਾਂ ਕੀਤਾ। ਜਿਸ ਤੇ ਸਾਰਾ ਸੰਸਾਰ ਗੌਰਵ ਕਰ ਸਕਦਾ ਹੈ।

ਖੰਡੇ ਦੇ ਅੰਮ੍ਰਿਤ ਪਾਨ ਕਰਨ ਵਾਲੇ ਲਈ ਜੋ ਪੰਜ ਕਕਾਰ ਕਛ, ਕੜਾ, ਕਿਰਪਾਨ, ਕੰਘਾ ਤੇ ਕੇਸਕੀ ਨੀਯਤ ਹਨ। ਇਸ ਪ੍ਰਤੀ ਹੁਕਮ ਹੈ:– "ਕਛ, ਕੜਾ, ਕਿਰਪਾਨ, ਕੰਘਾ, ਕੇਸਕੀ, ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।।" ਕੇਸਕੀ (ਛੋਟੀ ਦਸਤਾਰ) ਦੀ ਜਗ੍ਹਾ ਕੇਸ ਮੰਨਣ ਵਾਲੇ ਜੇਹੜੇ ਸਜਣ ਕੇਸਕੀ ਨੂੰ ਅੰਮ੍ਰਿਤਧਾਰੀ ਇਸਤ੍ਰੀ ਲਈ ਜ਼ਰੂਰੀ ਨਹੀਂ ਸਮਝਦੇ ਉਹ ਰਹਿਤਨਾਮੇ ਦੇ ਇਸ ਹੁਕਮ, "ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ। ਦਾਤਨ ਨੀਤ ਕਰੇ ਨ ਦੁਖ ਲਾਗੈ ਲਾਲ ਜੀ।।" ਤੇ ਗੌਰ ਕਰਨ ਤਾਂ ਉਹਨਾਂ ਨੂੰ ਪਤਾ ਲਗੇਗਾ ਕਿ ਖਾਲਸਾ ਪੰਥ ਦੇ ਧਾਰਨੀ ਹਰ ਪ੍ਰਾਣੀ ਨੂੰ ਦਿਨ ਵਿਚ ਦੋ ਵਾਰੀ (ਅੰਮ੍ਰਿਤ ਵੇਲੇ ਕੇਸਾਂ ਸਹਿਤ ਕੀਤੇ ਇਸ਼ਨਾਨ ਤੋਂ ਬਾਅਦ ਕੇਸ ਹਰੇ [ਸੁਕਾ] ਕਰਕੇ ਕੰਘਾ ਕਰਨਾ ਤੇ ਕੇਸਕੀ ਸਜਾਉਣੀ, ਤੇ ਸ਼ਾਮ ਨੂੰ ਤਕਰੀਬਨ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਕੰਘਾ ਕਰਕੇ ਤੇ ਜੂੜਾ ਬੰਨ੍ਹ ਕੇ ਕੇਸਕੀ ਸਜਾਉਣੀ, ਜਿਸ ਤਰ੍ਹਾਂ ਕਿ ਪੁਰਾਤਨ ਸਿੰਘ ਕਰਦੇ ਚਲੇ ਆ ਰਹੇ ਹਨ) ਕੇਸਕੀ ਸਜਾਉਣ ਦਾ ਹੁਕਮ ਹੈ। ਇਸ ਰਹਿਤਨਾਮੇ ਦੀਆਂ ਦੋ ਤੁਕਾਂ ਵਿਚ ਤਿੰਨ ਖਾਸ ਹੁਕਮ (੧) ਕੰਘਾ ਦੋ ਵਕਤ ਕਰਨ (੨) ਚਿੰਨ ਕੇ ਦਸਤਾਰ ਸਜਾਉਣ ਅਤੇ (੩) ਰੋਜ਼ ਦਾਤਨ ਕਰਨ ਦੇ ਹਨ। ਜਿਸ ਅਨੁਸਾਰ ਕੇਸਕੀ ਕੇਵਲ ਪੁਰਸ਼ ਲਈ ਮੰਨਣਾ ਗਲਤ ਸਿਧ ਹੁੰਦਾ ਹੈ ਕਿਉਂਕਿ ਪਹਿਲਾ ਹੁਕਮ ਕੰਘਾ ਕਰਨਾ ਅੰਮ੍ਰਿਤਧਾਰੀ ਇਸਤ੍ਰੀ ਪੁਰਸ਼ ਦੋਹਾਂ ਤੇ ਘਟਦਾ ਹੈ। ਕਿਉਂਕਿ ਦੋਵੇਂ ਕੇਸਾ-ਧਾਰੀ ਹੁੰਦੇ ਹਨ ਇਸ ਲਈ ਕੇਸਾਂ ਦੀ ਸਫਾਈ ਦੋਹਾਂ ਲਈ ਜ਼ਰੂਰੀ ਹੋਵੇਗੀ ਹੀ। ਅਤੇ ਤੀਜੇ ਹੁਕਮ ਦਾਤਨ ਕਰਨ ਬਾਰੇ ਵੀ ਕਿਸੇ ਸਿਆਣੇ ਸੱਜਣ ਨੂੰ ਕਦੇ ਇਸ ਉਤੇ ਇਤਰਾਜ਼ ਨਹੀਂ ਹੋ ਸਕਦਾ ਕਿ ਦਾਤਨ ਕਰਨਾ ਇਸਤ੍ਰੀ ਮਰਦ ਦੋਹਾਂ ਲਈ ਜ਼ਰੂਰੀ ਹੁੰਦਾ ਹੈ। ਫੇਰ ਦੂਜੇ ਹੁਕਮ ਕੇਸਕੀ ਸਜਾਉਣ ਬਾਰੇ ਕਿਸ ਤਰ੍ਹਾਂ ਕਹਿਆ ਜਾਂਦਾ ਹੈ ਕਿ ਇਹ ਕੇਵਲ ਪੁਰਸ਼ਾਂ ਲਈ ਹੈ ? ਜਦੋਂਕਿ ਇਕੋ ਰਹਿਤ-ਨਾਮੇ ਵਿਚ ਖਾਲਸੇ ਲਈ ਉਪਦੇਸ਼ ਹੈ। ਇਸਤ੍ਰੀ ਤੇ ਮਰਦ ਦਾ ਸਵਾਲ ਹੀ ਨਹੀਂ। ਦੋਵੇਂ ਖਾਲਸਾ ਹਨ। ਇਸਤ੍ਰੀ ਤੇ ਪੁਰਸ਼ ਲਈ ਕੋਈ ਅਲਗ ਅਲਗ ਰਹਿਤਨਾਮੇ ਨਹੀਂ ਹਨ। ਰਹਿਤ ਦੇ ਤਿੰਨੇ ਹੁਕਮਾਂ ਨੂੰ ਦ੍ਰਿੜਾਉਣ ਵਾਲੇ ਦੋ ਤੁਕਾਂ ਦੇ ਦੋਹੇ ਵਿਚੋਂ ਵਿਚਲੇ ਹੁਕਮ ਨੂੰ ਕੇਵਲ ਪੁਰਸ਼ ਲਈ ਅਤੇ ਆਦਿ ਤੇ ਅੰਤਲੇ ਹੁਕਮ ਨੂੰ ਇਸਤ੍ਰੀ ਪੁਰਸ਼ ਦੋਹਾਂ ਲਈ ਮੰਨਣਾ ਢਕੋਂਸਲਾ ਹੈ। ਇਸ ਸਬੰਧ ਵਿਚ ਰਹਿਤਨਾਮਿਆਂ ਵਿਚ ਇਕ ਹੋਰ ਹੁਕਮ ਵੀ ਖਾਸ ਧਿਆਨ ਦੇਣ ਯੋਗ ਹੈ। ਜਿਸ ਅਨੁਸਾਰ ਕੇਸਾਂ ਨੂੰ ਨੰਗਾ ਰਖਣਾ ਵੀ ਮਨ੍ਹਾ ਹੈ। ਮਿਸਾਲ ਵਜੋਂ ਕੁਝ ਕੁ ਰਹਿਤਨਾਮਿਆਂ ਦੀਆਂ ਇਹ ਤੁਕਾਂ ਹਨ:–

(੧) 'ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ। ਨਗਨ ਪ੍ਰਸਾਦਿ ਜੋ ਬਾਂਟਈ ਤਨਖਾਹੀ ਬਡੋ ਕਹਾਇ।'

(੨) 'ਪਾਗ ਉਤਾਰ ਪ੍ਰਸਾਦਿ ਜੋ ਖਾਵੈ। ਸੋ ਸਿਖ ਕੁੰਭੀ ਨਰਕ ਸਿਧਾਵੈ।।'

(੩) 'ਖੁਲੇ ਕੇਸੀ ਔਰ ਜੂੜੇ ਭੋਜਨ ਨ ਕਰੇ।।'

ਇਹਨਾਂ ਹੁਕਮਾਂ ਤੋਂ ਮੁਰਾਦ ਹੈ ਕਿ ਜੇ ਕਿਸੇ ਸਮੇਂ ਭਿਜੇ ਕੇਸਾਂ ਨੂੰ ਸੁਕਾਉਣ, ਧੁਪ ਲੁਆਉਣ



www.AKJ.Org

ਲਈ ਦੇਸ ਖੋਹਲੇ ਹੋਏ ਹੋਵਣ, ਤਾਂ ਉਸ ਸਮੇਂ ਬਿਨਾਂ ਦਸਤਾਰ ਸਜਾਏ ਖਾਣ-ਪੀਣ ਆਦਿ ਦੀ ਕਿਰਿਆ ਨਹੀਂ ਕਰਨੀ ਚਾਹੀਦੀ। ਇਸ ਹੁਕਮ ਦਾ ਮਤਲਬ ਇਹ ਕਦਾਚਿਤ ਨਹੀਂ ਕਿ ਕੇਵਲ ਖਾਣ-ਪੀਣ ਜਾਂ ਹੋਰ ਕਿਸੇ ਖਾਸ ਕਿਰਿਆ ਦੇ ਕਰਨ ਤੋਂ ਇਲਾਵਾ ਬਾਕੀ ਸਮੇਂ ਕੇਸ ਨੰਗੇ ਰਖੇ ਜਾ ਸਕਦੇ ਹਨ। ਕੇਸਕੀ ਤਾਂ ਕੇਸਾਂ ਦੀ ਰਖਿਆ ਤੇ ਪਵਿਤਰਤਾ ਰਖਣ ਲਈ ਹੈ। ਇਸ ਦੀ ਜ਼ਰੂਰਤ ਬਾਕੀ ਸਮੇਂ ਵੀ ਹੈ ਤਾਂਕਿ 'ਉੜ ਉੜ ਰਾਵਾ ਝਾਟੇ ਪਾਇ' ਤੋਂ ਬਚਿਆ ਜਾ ਸਕੇ। ਤੇ ਖਾਲਸਾ ਸਦਾ ਤਿਆਰ-ਬਰ-ਤਿਆਰ ਰਹਿ ਸਕੇ। ਕੇਸਕੀ ਨੂੰ ਇਸਤ੍ਰੀ ਲਈ ਜ਼ਰੂਰੀ ਨ ਸਮਝਣ ਵਾਲੇ ਇਹ ਦਸਣ ਦੀ ਕਿਰਪਾਲਤਾ ਕਰਨ ਕਿ ਕੀ ਇਸਤ੍ਰੀ ਲਈ ਕੇਸਾਂ ਨੂੰ ਢਕ ਕੇ ਸੁਰਖਿਅਤ ਰਖਣ ਲਈ ਰਹਿਤਨਾਮਿਆਂ ਵਿਚ ਕੋਈ ਹੋਰ ਸ਼ੈ ਹੈ? ਜਿਸ ਨੂੰ ਧਾਰ ਕੇ ਇਸਤ੍ਰੀ ਇਸ ਹੁਕਮ ਨੂੰ ਪਾਲ ਸਕਦੀ ਹੈ ਤਾਂ ਉਹ ਨਿਰੁਤਰ ਹੋ ਜਾਣਗੇ ਤੇ ਹਾਰ ਕੇ ਬਾਅਦ ਵਿਚ ਚੁੰਨੀ ਦਾ ਆਸਰਾ ਦਸਣਗੇ। ਪਰ ਚੁੰਨੀ ਦਾ ਤਾਂ ਨਾਮ ਨਿਸ਼ਾਨ ਹੀ ਰਹਿਤਨਾਮਿਆਂ ਵਿਚ ਨਹੀਂ। ਤੇ ਨਾ ਹੀ ਇਹ ਕੇਸਾਂ ਦੀ ਰਖਿਆ ਲਈ ਚੁੰਨੀ ਉਤਮ ਉਪਾਵ ਹੈ। ਜੇ ਪੁਰਸ਼ ਲਈ ਕੇਸਕੀ ਤੇ ਇਸਤ੍ਰੀ ਲਈ ਚੁੰਨੀ ਜਾਂ ਕਿਸੇ ਹੋਰ ਚੀਜ਼ ਦਾ ਵਿਧਾਨ ਪੰਥ ਵਿਚ ਹੁੰਦਾ, (ਜੋ ਕਿ ਦਸਮੇਸ਼ ਜੀ ਦੇ ਆਸ਼ੇ ਅਨੁਸਾਰ ਕਦਾਚਿਤ ਨਹੀਂ ਹੋ ਸਕਦਾ। ਕਿਉਂਕਿ ਐਸਾ ਹੁਕਮ ਨਾਰੀ ਦੇ ਪੁਰਸ਼ ਸਮਾਨ ਅਧਿਕਾਰਾਂ ਤੇ ਚੋਟ ਮਾਰਦਾ ਹੈ।) ਤਾਂ ਜਿਸ ਤਰ੍ਹਾਂ ਕੁਰਹਿਤਾਂ ਵਿਚ ਇਸਤ੍ਰੀ ਲਈ ਪਰ ਪੁਰਸ਼ ਦਾ ਸੰਗ ਤੇ ਮਰਦ ਲਈ ਪਰ ਇਸਤ੍ਰੀ ਗਮਨ ਵਿਵਰਜਤ ਦਸਿਆ ਹੈ। ਭਾਵੇਂ ਇਥੇ ਆਸ਼ਾ ਦੋਹਾਂ ਲਈ ਇਕੋ ਹੈ ਪਰ ਕੁਦਰਤੀ ਲਿੰਗ-ਭੇਦ ਅਨੁਸਾਰ ਦੋਹਾਂ ਲਈ ਹੁਕਮ ਅਲਗ-ਅਲਗ ਹਨ। ਜੇ ਕੇਸਾਂ ਦੀ ਸੰਭਾਲ ਬਾਰੇ ਵੀ ਇਸਤ੍ਰੀ ਤੇ ਪੁਰਸ਼ ਲਈ ਅਲਗ-ਅਲਗ ਚੀਜ਼ ਦੀ ਲੋੜ ਹੁੰਦੀ ਤਾਂ ਜ਼ਰੂਰ ਇਸ ਗਲ ਦਾ ਨਿਸਤਾਰਾ ਰਹਿਤਨਾਮੇ ਕਰ ਦਿੰਦੇ। ਜਿਸ ਤਰ੍ਹਾਂ ਉਪਰੋਕਤ ਕੁਰਿਹਤ ਬਾਰੇ ਲਿਖਿਆ ਮਿਲਦਾ ਹੈ। ਸਿੰਘਣੀ ਲਈ ਕੇਸਕੀ ਦੀ ਰਹਿਤ ਜ਼ਰੂਰੀ ਨ ਸਮਝਣ ਵਾਲੇ ਤਕਰੀਬਨ ਉਸੇ ਤਰ੍ਹਾਂ ਹੀ ਗੁਰਮਤਿ ਦੇ ਇਸ ਗੌਰਵ-ਪੂਰਣ ਅਸੂਲ ਦੇ ਲਾਜ ਲਾਉਂਦੇ ਹਨ। ਜਿਸ ਤਰ੍ਹਾਂ ਕਿ ਇਸਤ੍ਰੀਆਂ ਨੂੰ ਵੀ ਖੰਡੇ ਦੇ ਅੰਮ੍ਰਿਤ ਦੀ ਬਜਾਏ ਕਿ ਕਿਰਪਾਨ ਦੁਆਰਾ ਅੰਮ੍ਰਿਤ ਤਿਆਰ ਕਰ ਕੇ ਛਕਾਉਣ ਵਾਲੇ।

ਦਸਤਾਰ ਹੀਣ ਸਿੰਘਣੀਆਂ ਨਾਲੋਂ ਦਸਤਾਰ ਸਜੀਲੀਆਂ ਸਿੰਘਣੀਆਂ ਨੂੰ ਆਪਣੇ ਉਧਾਰਦਾਤਾ ਪਿਤਾ ਦਸਮੇਸ਼ ਜੀ ਤੇ ਜ਼ਿਆਦਾ ਮਾਣ ਹੈ। ਇਹ ਮਾਣ ਹੋਣਾ ਜਾਇਜ਼ ਵੀ ਹੈ। ਕਿਉਂਕਿ ਇਸ ਤਰ੍ਹਾਂ ਉਹ ਖਾਲਸੇ ਦੇ ਖਾਸ ਰੂਪ ਨੂੰ ਅਪਨਾ ਕੇ (ਇਸਤ੍ਰੀ ਤੇ ਮਰਦ ਦੇ ਬਰਾਬਰ ਅਧਿਕਾਰ ਪ੍ਰਤਖ ਤੌਰ ਤੇ ਪੇਸ਼ ਕਰਦੀਆਂ ਹਨ) 'ਗੁਰ ਮੇਰੇ ਸੰਗ ਸਦਾ ਹੈ ਨਾਲੇ ਸਮਝਕੇ ਸਦਾ ਨਿਰਭੈ ਹੁੰਦੀਆਂ ਹਨ। ਪਿਤਾ ਦਸਮੇਸ਼ ਜੀ ਨੇ ਬਚਨ ਕੀਤਾ ਹੈ' ਖਾਲਸੇ ਕੇ ਹਉ ਸਦ ਸਦ ਸੰਗਾ।' ਖਾਲਸਾ ਜੀ ਦੀ ਵਰਦੀ ਵਿਚ ਕਿਉਂਕਿ ਕੇਸਕੀ ਸ਼ਾਮਲ ਹੈ। ਇਸ ਲਈ ਹੋਰ ਰਹਿਤਾਂ ਦੇ ਨਾਲ ਹੀ ਕੇਸਕੀ ਦੀ ਰਹਿਤ ਸਜਾਉਣ ਵਾਲਿਆਂ ਦੇ ਗੁਰਦੇਵ ਸਦਾ ਅੰਗ ਸੰਗ ਰਹਿੰਦੇ ਹਨ।

ਇਸ ਲੇਖ ਦਾ ਪ੍ਰਯੋਜਨ ਕੇਸਕੀ ਨੂੰ ਪੰਜਵਾਂ ਕਕਾਰ ਸਿਧ ਕਰਣ ਦਾ ਨਹੀਂ। (ਇਸ ਬਾਰੇ ਤਾਂ ਭਾ. ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਬੀਬੀ ਅਮਰਜੀਤ ਕੌਰ ਜੀ ਦੀਆਂ ਪੁਸਤਕਾਂ 'ਸਿੰਘਾਂ ਦਾ ਪੰਥ ਨਿਰਾਲਾ' ਅਤੇ ਗੁਰਸਿਖ ਰਹਿਣੀ' ਪੜ੍ਹਨ ਯੋਗ ਹਨ) ਬਲਕਿ ਇਹ ਬੇਨਤੀ ਕਰਨੀ ਹੈ ਕਿ ਜੇ ਖਾਲਸਾ ਜੀ ਦਾ ਦਰਸ਼ਨ (ਜੋ ਕਿ ਕੇਸਕੀ ਸਜੀਲਾ ਹੀ ਹੈ) ਦਸਮੇਸ਼ ਜੀ ਦਾ ਦਰਸ਼ਨ ਹੈ, ਤਾਂ ਇਸ ਨੂੰ ਦਸਮੇਸ਼ ਜੀ ਦੇ ਆਸ਼ੇ ਅਨੁਸਾਰ ਹੀ ਬਣਾਏ ਰਖਣਾ ਚਾਹੀਦਾ ਹੈ।' ਖਾਲਸਾ ਮੇਰੋ (ਦਸਮੇਸ਼ ਜੀ ਦਾ) ਰੂਪ ਹੈ ਖਾਸ।' ਇਹ ਤਾਂ ਹੀ ਹੋ ਸਕਦਾ ਹੈ, ਜੇ ਖਾਲਸਾ ਖਾਲਸ ਰਹੇ। ਫੈਸ਼ਨ ਦੀ ਬਨਾਵਟ ਮਿਲਾਵਟ ਇਸ ਖਾਲਸੇ ਨੂੰ ਖਾਲਸ ਕਦੇ ਨਹੀਂ ਰਖ ਸਕਦੀ। ਕਹਿਣ ਦਾ ਭਾਵ ਇਹ ਹੈ ਕਿ ਕੇਸਕੀ, ਜੋ ਕਿ ਸਿਰਦੇ ਕੇਸਾਂ ਤੇ ਸੁਸ਼ੋਭਤ



www.AKJ.Org

ਖਾਲਸਈ ਤਾਜ, ਕੇਸਾਂ ਦਾ ਆਵਰਣ, ਕੇਸਾਂ ਦੀ ਸੰਭਾਲ ਦਾ ਉਤਮ ਪ੍ਰਬੰਧ, ਕੇਸਾਂ ਦੇ ਹਾਰ ਸਿੰਗਾਰ ਤੋਂ ਬਚਣ ਦਾ ਉਤਮ ਸੁਝਾਵ ਹੈ। ਤੇ ਇਸ ਸੁਝਾਵ ਦੀ ਸੋਝੀ ਕਾਰਣ ਹੋਰ ਸਰੀਰ ਦੀਆਂ ਸਾਰੀਆਂ ਕੋਝੀਆਂ ਬਨਾਵਟਾਂ ਤੇ ਫੈਸ਼ਨਾਂ ਤੋਂ ਉਦਾਸੀਨ ਹੋਣ ਦਾ ਉਤਮ ਉਪਾਉ ਹੈ। ਤੇ ਇਸ ਤਰ੍ਹਾਂ ਮਨ ਨੂੰ ਮੈਲ ਨ ਲਗਣ ਦੇਣ ਕਰਕੇ ਨਾਮ ਜਪਣ ਲਈ ਸਹਾਇਕ ਹੈ। ਸੋ ਜੋ ਕੇਸਕੀ ਸਰਬੋਤਮ ਵਸਤੂ ਨਾਮ ਜਪਣ ਵਿਚ ਸਹਾਇਕ ਹੈ ਜੇ ਇਸ ਨੂੰ ਫੈਸ਼ਨ ਦਾ ਸਾਧਨ ਬਣਾ ਦਈਏ ਤਾਂ ਉਲਟਾ ਚੱਕਰ ਬਣ ਗਿਆ ਸਮਝੋ। ਜੇ ਕਿਸੇ ਕਕਾਰ ਦੀ ਉਪਯੋਗਿਤਾ ਤੋਂ ਵਾਂਜੇ ਹੋ ਕੇ ਉਸ ਨੂੰ ਕੇਵਲ ਚਿੰਨ ਸਮਝਕੇ ਧਾਰੀਏ ਤਾਂ ਇਹ ਪਖੰਡ ਹੀ ਹੋਵੇਗਾ। ਜੇ ਕੰਘਾ ਰਖਿਆ ਜਾਵੇ ਤੇ ਕੇਸਾਂ ਦੀ ਸਫਾਈ ਉਸ ਨਾਲ ਨ ਕੀਤੀ ਜਾਵੇ ਤਾਂ ਕੰਘਾ ਰਖਣਾ ਪਖੰਡ ਹੈ। ਜੇ ਕਿਰਪਾਨ ਰਖੀ ਪਰ ਉਸ ਨੂੰ ਜੰਗ ਲਗ ਗਿਆ। ਤੇ ਜਾਣ ਬੁਝਕੇ ਉਸਨੂੰ ਠੀਕ ਰਖਣ ਦਾ ਕੋਈ ਪ੍ਰਬੰਧ ਨ ਕੀਤਾ ਕੇਵਲ ਚਿੰਨ ਰੂਪ ਵਿਚ ਕਰਾਰਾਂ ਦਾ ਨਾਉਂ ਪੂਰਾ ਕਰਨ ਵਾਸਤੇ ਰਖੀ ਜਾਂ ਇਤਨੀ ਛੋਟੀ ਕਿਰਪਾਨ ਰਖੀ ਕਿ ਜ਼ਰੂਰਤ ਸਮੇਂ ਉਸਦਾ ਕੋਈ ਉਪਯੋਗ ਨ ਹੋ ਸਕੇ (ਜਿਸ ਤਰ੍ਹਾਂ ਕਿ ਬਹੁਤ ਸਾਰੇ ਸਿਖ ਕਹਾਉਣ ਵਾਲੇ ਕੰਘੇ ਤੇ ਲਗੀ ਕਿਰਪਾਨ ਨਾਲ ਹੀ ਸੰਤੁਸ਼ਟ ਹੋ ਕੇ ਗਾਤਰੇ ਦੀ ਕਿਰਪਾਨ ਤੋਂ ਛੁਟੀ ਮਿਲੀ ਸਮਝ ਬੈਠੇ ਹਨ। ਇਸ ਤਰ੍ਹਾਂ ਦੀ ਸੌਖੀ (ਸੁਖ-ਰਹਿਣੀ ਦੇ ਪਸੰਦ ਕਰਨ ਵਾਲੇ ਜੇ ਬਾਕੀ ਦੇ ਕਕਾਰ ਕੜਾ ਤੇ ਕਛਹਿਰੇ ਨੂੰ ਵੀ ਕੰਘੇ ਵਿਚ ਪਾ ਕੇ ਧਾਰਨ ਕਰ ਲੈਣ ਤਾ ਹੋਰ ਸੌਖੇ ਹੋ ਜਾਣਗੇ।) ਤਾਂ ਇਸ ਤਰ੍ਹਾਂ ਦੀ ਕਿਰਪਾਨ ਰਖਣਾ ਪਖੰਡ ਹੀ ਹੈ। ਇਹ ਗੁਰ ਹੁਕਮਾਂ ਦੀ ਪਾਲਨਾ ਨਹੀਂ।

ਅਜ ਕਲ ਬਹੁਤ ਸਾਰੇ ਸਿੰਘਾਂ-ਸਿੰਘਣੀਆਂ ਦੀ ਦਸਤਾਰ ਅਥਵਾ ਕੇਸਕੀ ਨੂੰ ਫੈਸ਼ਨ ਦੀ ਰੌ ਲਗੀ ਹੋਈ ਹੈ। ਕੇਸਕੀ ਨੂੰ ਨਾਮ ਮਾਤਰ ਰਖ ਕੇ, ਫੈਸ਼ਨ ਦਾ ਅੰਗ ਬਨਾਉਣਾ ਗੁਰੂ ਆਸ਼ੇ ਦੇ ਵਿਪ੍ਰੀਤ ਹੈ।

ਸ੍ਰੀਮਾਨ ਪੰਥ ਰਤਨ, ਮਹਾਨ ਤੇਜਸਵੀ, ਗੁਰੂ ਦੁਲਾਰੇ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਗੁਰਮਤਿ ਸਬੰਧੀ ਪੁਸਤਕਾਂ ਨੂੰ ਪੜ੍ਹ ਕੇ ਦਾਸ ਨੂੰ ਦਸਤਾਰ ਸਜੀਲੇ ਸਿੰਘਾਂ ਸਿੰਘਣੀਆਂ ਦੇ ਅਖੰਡ ਨਿਰਬਾਣ ਕੀਰਤਨੀ ਜਥਿਆਂ ਦੀ ਸੋਹਣੀ-ਸੋਹਬਤ ਵਿਚ ਸ਼ਾਮਲ ਹੋਣ ਦੀ ਪ੍ਰਬਲ ਇਛਾ ਹੋਈ। ਅਨੇਕਾਂ ਅਰਦਾਸਾਂ ਤੇ ਜੋਦੜੀਆਂ ਤੋਂ ਬਾਅਦ ਜਦੋਂ ਗੁਰੂ ਕਿਰਪਾ ਦਵਾਰਾ ਜਥੇ ਦੇ ਸਿੰਘਾਂ ਸਿੰਘਣੀਆਂ ਦੇ ਦਰਸ਼ਨ ਪਰਸਨ ਪਹਿਲੀ ਵੇਰ ਅਖੰਡ ਕੀਰਤਨ ਸਮਾਗਮ ਵਿਚ ਹੋਏ ਤਾਂ ਦਾਸ ਨੂੰ ਜੋ ਅਪਾਰ ਖੁਸ਼ੀ ਹੋਈ ਉਸ ਦਾ ਤਕਰੀਬਨ ਅੱਧਾ ਹਿਸਾ ਓਦੋਂ ਨਸ਼ਟ ਹੋ ਗਇਆ ਸੀ ਜਦੋਂ ਬਹੁਤ ਸਾਰੀਆਂ ਮਾਤਾਵਾਂ ਭੈਣਾਂ ਨੂੰ ਕੇਸਕੀ ਅਣੁਚਿਤ ਢੰਗ ਨਾਲ ਸਜੇ ਵੇਖਿਆ (ਕਹਿਣ ਦਾ ਭਾਵ ਇਹ ਹੈ ਕਿ ਜੇ ਸਿਖ ਦੀ ਰਹਿਣੀ ਬਹਿਣੀ ਸੁਚੱਜੀ ਤੇ ਗੁਰੂ ਹੁਕਮਾਂ ਦੇ ਅਨੁਕੂਲ ਹੋਵੇ ਤਾਂ ਗੁਰਮਤਿ ਨੂੰ ਧਾਰਨ ਕਰਨ ਦੇ ਚਾਹਵਾਨ, ਉਹਨਾਂ ਤੋਂ ਪ੍ਰਭਾਵਤ ਤੇ ਉਤਸ਼ਾਹਿਤ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਰਹਿਤ ਵਾਲੇ ਸਿਖਾਂ ਤੋਂ "ਆਪ ਜਪੈ (ਦੇ ਨਾਲ) ਅਵਰਹਿ ਨਾਮ ਜਪਾਵੈ" ਦਾ ਹੁਕਮ ਨਿਰਯਤਨ ਹੀ ਬਣ ਆਉਂਦਾ ਹੈ।) ਇਹਨਾਂ ਸਿੰਘਣੀਆਂ ਨੇ ਕੇਸਕੀ ਨੂੰ ਇਸ ਤਰ੍ਹਾਂ ਸਜਾਇਆ ਹੋਇਆ ਸੀ ਕਿ ਸਾਹਮਣੇ ਮਸਤਕ ਦੇ ਉਪਰ ਵਾਲੇ ਕੇਸ ਨੰਗੇ ਰਖੇ ਹੋਏ ਸਨ। ਤਾਂਕਿ ਕੇਸਾਂ ਦਾ ਪ੍ਰਦਰਸ਼ਨ ਹੋ ਸਕੇ। ਕੇਸਾਂ ਨੂੰ ਇਸ ਤਰ੍ਹਾਂ ਫੈਸ਼ਨ ਦਾ ਢੰਗ ਬਨਾਉਣਾ ਗੁਰੂ ਕੇ ਦੁਲਾਰਿਆਂ ਨੂੰ ਕਦੇ ਨਹੀਂ ਭਾਉਂਦਾ। ਕਈ ਸਿੰਘਣੀਆਂ ਨੇ ਠੀਕ ਸੁਚਜੀ ਕੇਸਕੀ ਸਜਾਈ ਹੋਈ ਸੀ ਤੇ ਸਜਾ-ਉਂਦੀਆਂ ਹਨ। ਉਹ ਧੰਨਤਾ ਯੋਗ ਹਨ ਜੋ ਗੁਰੂ ਕੇ ਹੁਕਮਾਂ ਨੂੰ ਠੀਕ ਪਾਲਦੇ ਹਨ। ਕੇਸਕੀ ਸਜਾ-ਉਣ ਵਾਲੀਆਂ ਸਿੰਘਣੀਆਂ ਨੂੰ ਜ਼ਰੂਰ ਸੁਚੇਤ ਹੋ ਕੇ ਕੇਸਕੀ ਦੀ ਸੁਚੀ-ਸੁਚਿਆਰਤਾ ਤੇ ਫੈਸ਼ਨ ਦੀ ਕੋਝੀ ਜੂਠ ਲਗਣ ਦੇਣ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਤਾਂਕਿ ਉਹਨਾਂ ਦਾ ਗੁਰਮਤੀ ਭਉ-ਭਾਉ ਬਣਿਆ ਰਹੇ ਤੇ ਹੋਰਨਾਂ ਨੂੰ ਵੀ ਸੁਮਾਰਗ ਪਾ ਸਕਣ।



www.AKJ.Org

ਸਿੰਘਾਂ ਦੀ ਖ਼ੂਨੀ ਹੋਲੀ—

# ਨਨਕਾਣੇ ਸਾਹਿਬ ਦਾ ਸਾਕਾ

## (ਖੰਡੇ ਦੀ ਧਾਰ ਵਿਚੋਂ ਸ਼ਾਂਤੀ)

(ਵਲੋਂ :—ਸ: ਜਸਮੇਰ ਸਿੰਘ ਜੀ 'ਪਾਲ')

[ਲੜੀ ਜੋੜਨ ਲਈ 5 ਅਗਸਤ ਦਾ ਪਰਚਾ ਵੇਖੋ]

7 ਫਰਵਰੀ ਨੂੰ ਮਹੰਤ ਨਰੈਣਦਾਸ ਨੇ ਆਪਣੇ ਬੰਦਿਆਂ ਦੀ ਮੀਟਿੰਗ ਸਦ ਕੇ ਕੁਝ ਗੁਪਤ ਫੈਸਲੇ ਕੀਤੇ। ਭੱਟੀ ਮੁਸਲਮਾਨ ਬਾਬਾ ਕਰਤਾਰ ਸਿੰਘ ਬੇਦੀ, ਮੰਗਲ ਸਿੰਘ ਕੂਕਾ, ਮਹੰਤ ਦੇ ਨਾਲ ਸਨ। ਮੀਟਿੰਗ ਇਨ੍ਹਾਂ ਨੇ ਹੀ ਕਰਵਾਈ ਸੀ। ਮਹੰਤ ਨੇ ਦੋ ਢਾਈ ਕੁ ਸੌ ਬੰਦੇ ਵੀ ਅਸਲੇ ਸਮੇਤ ਤਿਆਰ ਕਰ ਰਖੇ ਸਨ। ਤਵੀਆਂ, ਗੰਡਾਸੀਆਂ, ਬੰਦੂਕਾਂ, ਕਾਰਤੂਸਾਂ, ਬਰੂਦ ਜਮ੍ਹਾ ਕਰ ਰਖਿਆ ਸੀ। ਕਈ ਲੁਟੇਰੇ ਪਠਾਣ, ਭਗੌੜੇ ਡਾਕੂ, ਉਸ ਨੇ ਨੀਚ ਕਾਰਾ ਕਰਨ ਲਈ ਇਕਠੇ ਕੀਤੇ ਹੋਏ ਸਨ। ਇਲਾਕੇ ਦੇ ਜ਼ਬਰਦਸਤ, ਖ਼ੂਨਖਾਰ ਬਦਮਾਸ਼ ਜਨਮ ਅਸਥਾਨ ਵਿਚ ਗੁਪਤ ਹੀ ਬਿਠਾਏ ਹੋਏ ਸਨ। ਮਹੰਤ ਗੁਰਮੁਖ ਦਾਸ, ਹਰੀ ਦਾਸ, ਰਾਂਝੇ ਤੇ ਰਿਹਾੜੇ, ਮਹੰਤ ਚਰਨਦਾਸ, ਗੋਲੀਆਂ ਤੇ ਟਾਕੂਏ ਦੇ ਕੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਮਹੰਤ ਪਾਸ ਪੈਸੇ ਦੇ ਲੋਭ ਵਿਚ ਵਿਕ ਚੁਕੇ ਸਨ। ਮਹੰਤ ਨੇ 50 ਮਣ ਲਕੜਾਂ ਤੇ 14 ਪੀਪੇ ਮਿੱਟੀ ਦੇ ਤੇਲ ਦੇ ਲਾਸ਼ਾਂ ਨੂੰ ਫੂਕਣ ਲਈ ਜਮਾਂ ਕਰਵਾ ਰਖੇ ਸਨ। ਮਹੰਤ ਨੇ ਸਾਰੇ ਇਲਾਕੇ ਵਿਚ ਝੂਠੀ ਅਫਵਾਹ ਉਡਵਾ ਦਿਤੀ ਕਿ ਉਹ ਲਾਹੌਰ 20 ਫਰਵਰੀ ਦੇ ਦਿਹਾੜੇ ਕਾਨਫਰੰਸ ਤੇ ਜਾ ਰਿਹਾ ਹੈ। ਮਹੰਤ ਦੀ ਨੀਯਤ ਸਾਫ ਨਹੀਂ ਸੀ। ਸਿੱਖਾਂ ਨੂੰ ਸਾਰੀ ਗੱਲ ਦਾ ਪਤਾ ਸੀ। ਉਹ ਅੰਦਰੋਂ ਹੋਰ ਤੇ ਬਾਹਰੋਂ ਕੁਝ ਹੋਰ ਸੀ। ਪੰਥਕ ਆਗੂਆਂ ਨੇ ਐਲਾਨ ਕਰ ਦਿਤਾ ਕਿ ਕੋਈ ਵੀ ਸਿੰਘ ਉਸ ਦਿਨ ਨਨਕਾਣੇ ਸਾਹਿਬ ਨਾ ਜਾਵੇ। ਜਿਸ ਦਿਨ ਪੰਥ ਆਗਿਆ ਦੇਵੇ ਉਸ ਮੁਕਰਰ ਕੀਤੇ ਦਿਨ ਜਥੇ ਉਥੇ ਪੁਜਣ। ਸਰਦਾਰ ਕਰਤਾਰ ਸਿੰਘ ਝਬਰ ਤੇ ਸਰਦਾਰ ਲਛਮਣ ਸਿੰਘ ਜਥੇਦਾਰ ਧਾਰੋਵਾਲੀ ਜਥੇ ਲੈ ਕੇ ਚਾਲੇ ਪਾ ਚੁਕੇ ਸਨ। ਸ਼ਰੋਮਣੀ ਕਮੇਟੀ ਵਲੋਂ ਉਹਨਾਂ ਨੂੰ ਰੋਕਣ ਦਾ ਇੰਤਜ਼ਾਮ ਕੀਤਾ ਗਿਆ। ਕਰਤਾਰ ਸਿੰਘ ਝਬਰ ਦੇ ਜਥੇ ਨੂੰ ਸਚੇ ਸੌਦੇ ਕੋਲ ਰੁਕ ਜਾਣ ਦੀ ਖਬਰ ਮਿਲੀ। ਜਥੇਦਾਰ ਝਬਰ ਦਾ ਜਥਾ ਚੰਦਰ ਕੋਟ ਦੀ ਝਾਲ ਤੇ ਰੋਕ ਲਿਆ ਗਿਆ ਪਰੰਤੂ ਸ: ਲਛਮਣ ਸਿੰਘ ਦੇ ਜਥੇ ਦਾ ਰੋਕਣ ਵਾਲਿਆਂ ਬੰਦਿਆਂ ਨੂੰ ਕੋਈ ਪਤਾ ਨਾ ਲਗਿਆ। ਭਾਈ ਲਛਮਣ ਸਿੰਘ ਦੇ ਜਥੇ ਨਾਲ ਦੋ ਸੌ ਸਿੰਘ ਸਨ। ਜੱਥਾ ਸ਼ਬਦ ਪੜ੍ਹਦਾ ਹੋਇਆ ਮਾਰਚ ਕਰ ਰਿਹਾ ਸੀ ਕਿਸੇ ਦਾ ਹੱਕ ਖੋਹਣ ਨਹੀਂ ਸਿਰਫ ਆਪਣਾ ਹੱਕ ਪ੍ਰਾਪਤ ਕਰਨ ਲਈ। ਗੁਰਦਵਾਰਾ ਜਨਮ ਅਸਥਾਨ ਵਿਚ ੨੧ ਫਰਵਰੀ ਸਵੇਰੇ ਜੱਥਾ ਦਾਖਲ ਹੋ ਚੁਕਾ ਸੀ।



www.AKJ.Org

ਸਿੰਘ ਮੱਥਾ ਟੇਕ ਕੇ ਬੈਠ ਗਏ । ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਸਨ । ਸਤਿਨਾਮ ਵਾਹਿਗੁਰੂ ਦਾ ਜਾਪ ਹੋ ਰਿਹਾ ਸੀ। ਜ਼ਾਲਮ ਪਾਪੀ ਨਰੈਣ ਦਾਸ ਨੇ ਲੁੱਚੇ ਪਠਾਣਾਂ, ਗੁੰਡਿਆਂ ਨੂੰ ਹੁਕਮ ਦਿਤਾ ਇਹਨਾਂ ਨੂੰ ਪ੍ਰਸ਼ਾਦ ਛਕਾਉ । ਉਹ ਕਿਹੜਾ ਪ੍ਰਸ਼ਾਦ ਸੀ? ਗੋਲੀਆਂ ਦਾ ਪ੍ਰਸ਼ਾਦ ਸੀ, ਜਿਸ ਲਈ ਸਿੰਘ ਘਰੋਂ ਜ਼ਿਦ ਕਰਕੇ ਤੁਰੇ ਸਨ । ਕੋਠਿਆਂ ਉਤੋਂ ਸ਼ਾਂਤ-ਮਈ ਦੇ ਪੁਜਾਰੀਆਂ ਉਤੇ ਗੋਲੀਆਂ ਚਲਣ ਲਗੀਆਂ । ਮਾਤਾ ਤ੍ਰਿਪਤਾ ਦੀ ਗੋਦ ਵਿਚ ਬੈਠੇ ਸਿੰਘ ਜਾਮ ਸ਼ਹਾਦਤ ਪੀ ਰਹੇ ਸਨ । ਜਬਰ ਤੇ ਸਬਰ ਦਾ ਸਾਮਰਤਖ ਜੁਧ ਹੋ ਰਿਹਾ ਸੀ । ਦੁਨੀਆਂ ਦੇ ਇਤਿਹਾਸ ਵਿਚ ਇਕ ਵਖਰੀ ਤਰ੍ਹਾਂ ਦੀ ਸ਼ਾਂਤੀ ਦਾ ਅਮਲੀ ਉਪਦੇਸ਼ ਸੀ । ਦਰਬਾਰ ਸਾਹਿਬ ਦੀ ਚੌਖੰਡੀ ਦੇ ਦਰਵਾਜ਼ੇ ਪੁਟੇ ਗਏ । ਕਾਤਲਾਂ ਨੇ ਗੋਲੀਆਂ ਦਾ ਮੀਂਹ ਵਸਾ ਦਿਤਾ । ਛਵੀਆਂ ਤੇ ਗੰਡਾਸੇ ਲੈ ਕੇ ਬਿਦੋਸ਼ੇ ਸਿੰਘਾਂ ਤੇ ਗਿਲਝਾਂ ਵਾਂਗ ਟੁਟ ਪਏ । ਨਿਸ਼ਾਨ ਸਾਹਿਬ ਨੂੰ ਅੱਗ ਲਾ ਕੇ ਸਾੜ ਦਿਤਾ । ਸਿੰਘ ਲਟਾ ਲਟ ਜਲ ਰਹੇ ਸਨ ਤੇਲ ਦੇ ਪੀਪੇ ਉਤੇ ਪਾਏ ਜਾ ਰਹੇ ਸਨ ਪਰ ਕੋਈ ਸੀ ਨਹੀਂ ਸੀ ਕਰਦਾ । ਕਰਨ ਵੀ ਕਿਉਂ ? ਇਸ ਸਿੱਖੀ ਸਿਦਕ ਦੇ ਰਸਤੇ ਉਤੇ ਚਲਣ ਵਾਲਿਆਂ ਦਾ ਪਹਿਲਾ ਕਦਮ ਸੂਲੀ ਦੀ ਸੇਜ ਤੇ ਹੁੰਦਾ ਹੈ—ਭਾਈ ਨੰਦ ਲਾਲ ਜੀ ਲਿਖਦੇ ਹਨ:—

ਰਾਹ ਰਵਾਂ ਈ ਰਾਹਿ ਰਾ ਅਵਲ
ਕਦਮ ਬਰਦਾਰ ਅਸਤ ।

ਇਹ 'ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ' ਦਾ ਪਹਿਲਾ ਸਬਕ ਸਿੰਘ ਪੜ੍ਹ ਰਹੇ ਸਨ । ਸਿੰਘ ਉਸ ਮਜਲਸ ਦੇ ਮਤਵਾਲੇ ਸਨ ਜੋ ਇਹਨਾਂ ਦੀ ਮਜਲਸ ਦਾ ਮਤਵਾਲਾ ਹੈ:—

ਆਸੁਫਤਾਏ ਆਨੇਮ ਕਿ ਓ ਸ਼ੈਦਾਏਮਾਸਤ ।
ਮਾ ਸ਼ਾਹ ਨ ਦਾਨੇਮ ਗਦਾਰਾ ਨ ਸ਼ਨਾਸੇਮ ।

ਪਛਮੀ ਦੇਸ਼ਾਂ ਨੇ ਇਕ ਮਨਸੂਰ ਪੈਦਾ ਕੀਤਾ ਹੈ । ਸਿੱਖ ਧਰਮ ਵਿਚ ਅਨੇਕਾਂ ਮਨਸੂਰ ਚਰਖੜੀਆਂ ਤੇ ਚੜ੍ਹਣ ਵਾਲੇ, ਜੰਡਾਂ ਨਾਲ ਬੰਨੇ ਜਾਣ ਵਾਲੇ ਪੈਦਾ ਹੋਏ । ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤਾਂ ਦਾ ਮੁਢ ਬੰਨ੍ਹਿਆ ਉਹਨਾਂ ਦੇ ਮਗਰੋਂ ਸ਼ਹਾਦਤਾਂ ਵੇਣ ਵਾਲਿਆਂ ਦੀਆਂ ਜਮਾਤਾਂ ਖੜੀਆਂ ਹੋ ਗਈਆਂ । ਸ਼ਾਂਤੀ ਦੇ ਪੁੰਜ ਦਾ ਇਹ ਨਿਰਾਲਾ ਸਬਕ ਨਨਕਾਣੇ ਸਾਹਿਬ ਜਨਮ ਅਸਥਾਨ ਦੀ ਧਰਤੀ ਉਤੇ ਪੜ੍ਹਿਆ ਜਾ ਰਿਹਾ ਸੀ ।

ਤੜਫਦੇ ਹੋਏ ਸਿੰਘ ਭੱਠੀਆਂ ਵਿਚ ਝੋਕੇ ਜਾ ਰਹੇ ਸਨ । ਮਿੱਟੀ ਦਾ ਤੇਲ ਪਲਟ ਕੇ ਲਾਸ਼ਾਂ ਫੂਕੀਆਂ ਜਾ ਰਹੀਆਂ ਸਨ । ਇਸ ਖੂਨੀ ਕਾਰੇ ਦਾ ਨਾਂ ਸੁਣ ਕੇ ਭਾਈ ਉਤਮ ਸਿੰਘ ਜੀ ਕਾਰਖਾਨੇ ਵਾਲੇ ਤੜਫ ਉਠੇ, ਉਹਨਾਂ ਨੇ ਸਿਖ ਆਗੂਆਂ ਤੇ ਸਰਕਾਰੀ ਅਫਸਰਾਂ ਨੂੰ ਤਾਰਾਂ ਦਿਤੀਆਂ । ਸ਼ੇਖੂਪੁਰੇ ਦਾ ਡਿਪਟੀ ਕਮਿਸ਼ਨਰ ਕਰੀ ਸਾਹਿਬ ਤੇ ਮਿਸਟਰ ਕਿੰਗ ਕਮਿਸ਼ਨਰ ਇਸੇ ਦਿਨ ਦੁਪਹਿਰ ਤੋਂ ਬਾਦ ਇਥੇ ਪਜੇ । ਐਨ ਮੌਕੇ ਉਤੇ ਸਭ ਕੁਝ ਵੇਖ ਰਹੇ ਸਨ । ਕੋਈ ਕਾਰਵਾਈ ਉਹਨਾਂ ਨੇ ਨਹੀਂ ਕੀਤੀ । ਸਿੰਘਾਂ ਦੀਆਂ ਲਾਸ਼ਾਂ ਨੂੰ ਸੜ ਰਹੀਆਂ ਤਕ ਕੇ ਹਸ ਰਹੇ ਸਨ । ਭਾਈ ਦਲੀਪ ਸਿੰਘ ਜੀ ਸ਼ਹਾਦਤ ਦੇ ਮਤਵਾਲੇ ਗੋਲੀਆਂ ਦਾ ਖੜਾਕ ਸੁਣ ਕੇ ਗੁਰਦੁਆਰਾ ਜਨਮ ਅਸਥਾਨ ਵਲ ਨੂੰ ਭੱਜ ਖਲੋਏ । ਭਾਈ ਦਲੀਪ ਸਿੰਘ ਜੀ ਸਾਹੋਵਾਲੀ ਵਾਹੋ ਧਾਹੀ ਭੱਜੇ ਆ ਰਹੇ ਸਨ । ਉਹ ਵੀ ਸ਼ਹਾਦਤ ਦਾ ਛਾਂਦਾ ਲੈਣ ਆਏ ਸਨ । ਮਹੰਤ ਨੇ ਦੋ ਸਿੰਘ ਰੇਲਵੇ ਲਾਈਨ ਤੇ ਜਾ ਰਹੇ ਗੋਲੀ ਮਾਰ ਕੇ ਮਾਰ ਦਿਤੇ । ਭਾਈ ਦਲੀਪ ਸਿੰਘ ਨੂੰ ਮਹੰਤ ਨੇ ਉਥੇ ਹੀ ਕਤਲ ਕਰ ਦਿਤਾ । ਭਾਈ ਦਲੀਪ ਸਿੰਘ ਦੇ ਬਟੂਏ ਵਿਚੋਂ 2300 ਰੁਪਏ ਨਿਕਲਕੇ ਜ਼ਮੀਨ ਤੇ ਜਾ ਪਏ । ਧਰਤੀ ਲਾਲੋ ਲਾਲ ਹੋ ਗਈ ਸੀ । ਮਹੰਤ ਪਸਤੌਲ ਪਾ ਕੇ ਘੋੜੇ ਉਤੇ ਸਵਾਰ ਹੋ ਕੇ ਸਿੰਘਾਂ ਦੀਆਂ ਲਾਸ਼ਾਂ ਨੂੰ ਘੋੜੇ ਦੀਆਂ ਟਾਪਾਂ ਨਾਲ ਦਰੜ ਰਿਹਾ ਸੀ । ਤਿੰਨ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚੋਂ ਆਰ ਪਾਰ ਲੰਘ ਗਈਆਂ ਚੌਥੀ ਗੋਲੀ ਜਥੇਦਾਰ ਲਛਮਣ ਸਿੰਘ ਦੇ ਲਗੀ । ਭਾਈ ਲਛਮਣ ਸਿੰਘ ਜੀ ਦੀ ਤੜਫਦੀ ਲਾਸ਼ ਨੂੰ ਜੰਡ ਨਾਲ


www.AKJ.Org

ਬੰਨ੍ਹ ਕੇ ਉਤੋਂ ਮਿੱਟੀ ਦਾ ਤੇਲ ਪਾ ਕੇ ਸਾੜ ਦਿਤਾ ਗਿਆ। ਭਾਈ ਸਾਹਿਬ ਨੇ ਸੀ ਨ ਆਖੀ। ਭਾਣਾ ਮਿਠਾ ਮੰਨ ਕੇ ਸਭ ਕੁਝ ਬਰਦਾਸ਼ਤ ਕਰ ਗਏ। ਆਪ ਦਾ ਸਰੀਰ ਬੇਰੇ ਬੇਰੇ ਹੋ ਚੁਕਾ ਸੀ। ਭਾਈ ਲਛਮਣ ਸਿੰਘ ਦੀ ਪੁਠੀ ਲਾਸ਼ ਜੰਡ ਨਾਲ ਇਸ ਤਰ੍ਹਾਂ ਲਟਕ ਰਹੀ ਸੀ ਜਿਵੇਂ ਕਸਾਈਆਂ ਨੇ ਬਕਰਾ ਬਜ਼ਾਰ ਵਿਚ ਲਟਕਾਇਆ ਹੁੰਦਾ ਹੈ। ਸਿਦਕ ਉਸੇ ਦਾ ਕਬੂਲ ਹੈ ਜਿਸ ਵਿਚ ੜਸੀਹੇ ਤੇ ਦੁਖ ਜਰਨ ਦੀ ਸ਼ਕਤੀ ਹੈ। ਜਿਸ ਵਿਚ ਸਿਦਕ ਨੂੰ ਬਰਦਾਸ਼ਤ ਕਰਨ ਦੀ ਤਾਕਤ ਨਹੀਂ ਉਹ ਸਿਦਕ ਕਬੂਲ ਨਹੀਂ ਪੈਂਦਾ। ਭਾਈ ਲਛਮਣ ਸਿੰਘ ਇਸ ਦੀ ਜ਼ਿੰਦਾ ਮਿਸਾਲ ਸੀ।

ਇਕ ਸਿੱਖ ਬੱਚਾ ਮੰਜੀ ਸਾਹਿਬ ਦੇ ਹੇਠ ਲੁਕਿਆ ਹੋਇਆ ਸੀ ਜੋ ਤਿੰਨ ਕੁ ਸਾਲ ਦਾ ਸੀ। ਜ਼ਾਲਮ ਨੇ ਉਸ ਨੂੰ ਟੋਟੇ ਟੋਟੇ ਕਰਕੇ ਰਖ ਦਿਤਾ। ਭਾਈ ਕਿਹਰ ਸਿੰਘ ਜੀ ਜਰਗ ਰਿਆਸਤ ਪਟਿਆਲੇ ਵਾਲੇ ਦਾ ਭੁਝੰਗੀ ਦਰਬਾਰਾ ਸਿੰਘ ਪੰਜ ਕੁ ਸਾਲ ਦਾ ਜਥੇ ਦੇ ਨਾਲ ਸੀ। ਭਾਈ ਸਾਹਿਬ ਨੇ ਗੁਰਦੁਆਰੇ ਪੁਜਦਿਆਂ ਉਸ ਨੂੰ ਇਕ ਅਲਮਾਰੀ ਵਿਚ ਬੰਦ ਕਰ ਦਿਤਾ ਸੀ। ਕੋਟ ਬਾਜਰੇ ਦੇ ਮੁਜਰੇ ਸ਼ੇਖ ਇਸ ਨੀਚਤਾ ਭਰੇ ਕਾਰੇ ਵਿਚ ਹਿਸਾ ਲੈ ਰਹੇ ਸਨ। ਉਹਨਾਂ ਨੂੰ ਤਾਕਚੀ ਵਿਚੋਂ ਅਵਾਜ਼ ਆਈ। ਬਾਜਰੇ ਸ਼ੇਖ ਨੇ ਕਿਹਾ–ਕਪੂਰ ਸਿੰਘਾ ਇਸ ਅਲਮਾਰੀ ਨੂੰ ਖੋਲ੍ਹ......ਇਸ ਵਿਚ ਕੁਝ ਬੋਲਦਾ......ਕੁਝ ਸ਼ੈ ਹੈ... ਉਹ ਡਰ ਗਿਆ। ਸਾਧ ਨੇ ਕਿਹਾ—'ਚੰਗਾ ਫਿਰ ਵਾਹ ਲੈਣੇ ਮੁਰੱਬੇ...' ਉਸ ਨੇ ਅਲਮਾਰੀ ਨੂੰ ਝਟਕਾ ਮਾਰਿਆ ਬੱਚਾ ਬਾਹਰ ਨਿਕਲਿਆ ਕੰਗੜੀ ਪਾ ਕੇ ਉਸ ਦੇ ਗਲੇ ਨੂੰ ਚਿੰਬੜ ਗਿਆ। ਛੋਟਾ ਭੁਜੰਗੀ ਦਰਬਾਰਾ ਸਿੰਘ ਆਖ ਰਿਹਾ ਸੀ......'ਮੈਨੂੰ ਮੇਰੇ ਬਾਪੂ ਕੋਲ ਲੈ ਚਲੋ...ਮੈਂ ਬਾਪੂ ਨਾਲ ਸ਼ਹੀਦ ਹੋਣਾ ਏਂ...' ਇਹ ਕਮਾਲ ਸੀ ਛੋਟੇ ਛੋਟੇ ਬਚਿਆਂ ਨੂੰ ਸ਼ਹੀਦੀਆਂ ਦੇ ਚਾਅ ਚੜ੍ਹੇ ਹੋਏ ਸਨ। ਕੋਟ ਬਾਜਰੇ ਦੇ ਸਾਧ ਨੇ ਉਸ ਮਾਸੂਮ ਦੇ ਢਿੱਡ ਵਿਚ ਛਵੀ ਮਾਰ ਕੇ ਗਾਲ ਕਢ ਕੇ ਉਸ ਤੜਪਦੇ ਬਾਲ ਨੂੰ ਅੱਗ ਦੇ ਭਾਂਬੜ ਵਿਚ ਵਗਾਹ ਮਾਰਿਆ। ਦਰਬਾਰ ਸਾਹਿਬ ਦੀਆਂ ਕੰਧਾਂ ਲਾਲ ਸੁਰਖ ਹੋ ਗਈਆਂ ਸਨ। ਖਾਲਸਾ ਸ਼ਹਾਦਤਾਂ ਦੇ ਰੰਗ ਵਿਚ ਆ ਕੇ ਖੂਨ ਦੀ ਹੋਲੀ ਖੇਡ ਰਿਹਾ ਸੀ। ਜਥੇਦਾਰ ਦਾ ਹੁਕਮ ਸੀ ਸ਼ਾਂਤਮਈ ਰਹਿਣਾ ਹੈ, ਇਹ ਗੁਰੂ ਬਾਬੇ ਦੇ ਅਸਥਾਨ ਨੂੰ ਆਜ਼ਾਦ ਕਰਾਣ ਲਈ ਸ਼ਾਂਤਮਈ ਅੰਦੋਲਨ ਹੈ। ਸੋ ਕਿਸੇ ਵੀ ਸਿੰਘ ਨੇ ਹੱਥ ਨਹੀਂ ਚੁਕਿਆ। ਸਤਿਨਾਮ ਵਾਹਿਗੁਰੂ, 'ਤੇਰਾ ਭਾਣਾ ਮੀਠਾ ਲਾਗੇ' ਦੀਆਂ ਅਵਾਜ਼ਾਂ ਆ ਰਹੀਆਂ ਸਨ। ਲਾਸ਼ਾਂ ਉਤੇ ਲੁਟੇਰੇ ਪਠਾਣ ਗਿਲਝਿਆਂ ਵਾਂਗ ਟੁੱਟ ਪਏ। ਅੱਧਮੋਏ ਤੜਫ ਰਿਹਾਂ ਨੂੰ ਕੁਹਾੜੀਆਂ ਤੇ ਬਰਛੀਆਂ ਨਾਲ ਟੁਕਿਆ ਜਾ ਰਿਹਾ ਸੀ ਉਤੋਂ ਅੱਗ ਲਾ ਕੇ ਲਾਸ਼ਾਂ ਨੂੰ ਗੁੰਮ ਕੀਤਾ ਜਾ ਰਿਹਾ ਸੀ। ਇਹ ਜ਼ੁਲਮ ਦਾ ਨੰਗਾ ਨਾਚ ਸੀ। ਕਰਤਾਰ ਸਿੰਘ ਝਬਰ ਦਾ ਜੱਥਾ ਨਨਕਾਣੇ ਸਾਹਿਬ ਦੀ ਹੱਦ ਅੰਦਰ ਪੁਜ ਚੁਕਾ ਸੀ। ਬਾਬਾ ਕੇਹਰ ਸਿੰਘ ਪੱਟੀ, ਤੇਜਾ ਸਿੰਘ ਸਮੁੰਦਰੀ, ਸਰਦਾਰ ਮਹਿਤਾਬ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਨਨਕਾਣੇ ਸਾਹਿਬ ਪੁਜ ਗਏ। ਇਸ ਦਿਨ ਗੋਰਮਿੰਟ ਨੇ ਨਨਕਾਣੇ ਸਾਹਿਬ ਦੀਆਂ ਟਿਕਟਾਂ ਬੰਦ ਕਰ ਦਿਤੀਆਂ। ਸਿੰਘਾਂ ਦੇ ਖੂਨ ਨੇ ਉਬਾਲਾ ਖਾਧਾ ਹਜ਼ਾਰਾਂ ਦੀ ਗਿਣਤੀ ਵਿਚ ਲੋਕੀਂ ਨਨਕਾਣੇ ਵਲ ਵਹੀਰਾਂ ਘਤ ਕੇ ਤੁਰ ਪਏ। ਸ਼ਹੀਦ ਸੁੱਤੀ ਹੋਈ ਕੌਮ ਨੂੰ ਜਗਾ ਰਹੇ ਸਨ ਕਿ ਕੌਮਾਂ ਇਸ ਤਰ੍ਹਾਂ ਬਣਦੀਆਂ ਹਨ। ਗੁਲਾਮੀ ਦੇ ਦਾਗ਼, ਬੇਅਣਖੀ ਦੇ ਦਾਗ਼, ਇਸ ਤਰ੍ਹਾਂ ਆਪਾ ਵਾਰ ਕੇ ਧੋਤੇ ਜਾਂਦੇ ਹਨ। ਇਸ ਖੂਨੀ ਸਾਕੇ ਨੂੰ ਵੇਖਣ ਵਾਲੀਆਂ ਸੰਗਤਾਂ ਦੇ ਨੇਤਰਾਂ ਵਿਚੋਂ ਜਲ ਵਗ ਰਿਹਾ ਸੀ। ਸਾਰਾ ਸਮੁਚਾ ਪੰਥ ਹਰਕਤ ਵਿਚ ਆ ਗਿਆ ਸੀ।

ਸਿੰਘਾਂ ਨੂੰ ਕਮਿਸ਼ਨਰ ਕਿੰਗ ਤੇ ਮਹੰਤ ਨਰੈਣ ਦਾਸ ਦੇ ਵਿਰੁਧ ਭਾਰੀ ਗੁਸਾ ਸੀ। ਖਾਲਸੇ ਦਾ ਅਥਾਹ ਜੋਸ਼ ਵੇਖ ਕੇ ਮਿਸਟਰ ਕਿੰਗ ਕਮਿਸ਼ਨਰ ਨੇ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਸ: ਹਰਬੰਸ ਸਿੰਘ ਜੀ ਅਟਾਰੀ ਨੂੰ ਸੌਂਪ ਦਿਤੀਆਂ। ਮੈਕਲੇਗਨ ਗਵਰਨਰ 22 ਫਰਵਰੀ ਸ਼ਾਮ ਨੂੰ ਕੌਂਸਲ



www.AKJ.Org

ਦੇ ਮੈਂਬਰਾਂ ਨਾਲ ਨਨਕਾਣੇ ਸਾਹਿਬ ਪੁਜਾ। ਅਗਲੇ ਦਿਨ 23 ਫ਼ਰਵਰੀ ਨੂੰ ਸਾਰੇ ਸ਼ਹੀਦ ਸਿੰਘਾਂ ਦਾ ਦੇਸੀ ਘਿਉ ਦੇ ਪੀਪੇ ਪਾ ਕੇ ਸਸਕਾਰ ਕੀਤਾ ਗਿਆ। ਸਿੰਘਾਂ ਦੀਆਂ ਲਾਸ਼ਾਂ ਨੂੰ ਜੋੜਿਆ ਗਿਆ ਤਾਕਿ ਉਹਨਾਂ ਦੀ ਗਿਣਤੀ ਦਾ ਪਤਾ ਲਗ ਸਕੇ। ਸ਼ਹੀਦ ਹੋਏ ਸਿੰਘਾਂ ਦੀ ਗਿਣਤੀ 100 ਤੋਂ 150 ਵਿਚਕਾਰ ਮੰਨੀ ਗਈ। ਸਰਕਾਰੀ ਰਿਪੋਰਟ ਨੇ ਸਿੰਘਾਂ ਦੀ ਗਿਣਤੀ 130 ਦਿਤੀ। ਚਰਨ ਸਿੰਘ ਪੁਲਿਸ ਇਨਸਪੈਕਟਰ ਨੇ 156 ਬੰਦੇ ਦਸੇ। 'ਸ਼ਹੀਦੀ ਇਤਿਹਾਸ' ਦੇ ਲੇਖਕ ਗੁਰਬਖਸ਼ ਸਿੰਘ ਸ਼ਮਸ਼ੇਰ ਨੇ 86 ਸਿੰਘ ਸ਼ਹੀਦ ਹੋਏ ਦਸੇ। ਸਰਕਾਰੀ ਰਿਪੋਰਟ ਵਾਲੀ ਗਿਣਤੀ ਠੀਕ ਮੰਨੀ ਗਈ। ਭਾਵੇਂ ਸਰਕਾਰ ਨੇ ਆਪਣੇ ਵਲੋਂ ਘਟ ਹੀ ਗਿਣਤੀ ਦਿਤੀ ਸੀ।

3 ਮਾਰਚ 1921 ਮਹਾਤਮਾ ਗਾਂਧੀ ਜੀ ਸ਼ਹੀਦੀ ਅਸਥਾਨ ਤੇ ਬੀਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁਜੇ। ਲਾਲਾ ਲਾਜਪਤ ਰਾਇ, ਮੌਲਾਨਾ ਸ਼ੌਕਤ ਅਲੀ ਵੀ ਆਏ। ਸਰਕਾਰ ਦੀ ਬੜੀ ਨਿਖੇਧੀ ਕੀਤੀ ਗਈ। ਮਹਾਤਮਾ ਗਾਂਧੀ ਜੀ ਨੇ ਜਨਮ ਅਸਥਾਨ ਵਿਖੇ ਤਕਰੀਰ ਕਰਦੇ ਹੋਏ ਕਿਹਾ– 'ਇਤਨਾ ਵਡਾ ਜ਼ੁਲਮ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ। ਮਹੰਤ ਦੀ ਪਿੱਠ ਪਿਛੇ ਸਰਕਾਰ ਦਾ ਹੱਥ ਹੈ। ਸਿੱਖਾਂ ਦੇ ਖ਼ੂਨ ਦੀ ਸਰਕਾਰ ਜ਼ਿਮੇਵਾਰ ਹੈ। ਸਰਕਾਰੀ ਅਫਸਰਾਂ ਨੂੰ ਚਾਹੀਦਾ ਸੀ ਕਿ ਉਹ ਅਜੇਹੇ ਖ਼ੂਨੀ ਕਾਰੇ ਨੂੰ ਰੋਕਦੇ। ਸਿੰਘਾਂ ਨੇ ਲਹੂ ਡੋਲ ਕੇ ਨਨਕਾਣਾ ਸਾਹਿਬ ਦਾ ਗੁਰਦਆਰਾ ਤਾਂ ਅਜ਼ਾਦ ਕਰਾ ਲਿਆ ਹੈ ਦੇਸ਼ ਦਾ ਵਡਾ ਗੁਰਦੁਆਰਾ ਹਿੰਦੁਸਤਾਨ ਸਿੱਖਾਂ ਨੂੰ ਅਜ਼ਾਦ ਕਰਾਉਣਾ ਚਾਹੀਦਾ ਹੈ।'

ਨਨਕਾਣੇ ਦੇ ਕ੍ਰਾਂਤੀਕਾਰ ਸਾਕੇ ਨੇ ਸਿਖਾਂ ਨੂੰ ਨਵਾਂ ਖ਼ੂਨ ਦਿਤਾ ਉਨ੍ਹਾਂ ਦੇ ਜੋਸ਼ ਨੇ ਹੁਲਾਰਾ ਖਾਧਾ। ਸਰਕਾਰ ਦੀ ਪਾਲਿਸੀ ਇਹ ਸੀ ਕਿ ਸਿਖਾਂ ਨੂੰ ਮਹੰਤਾਂ ਨਾਲ ਟਕਰਾ ਕੇ ਇਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕਰ ਦਿਤਾ ਜਾਵੇ ਤੇ ਬਾਕੀ ਦੇ ਸਿਖਾਂ ਨੂੰ ਜੇਹਲਾਂ ਵਿਚ ਡੱਕ ਦਿਤਾ ਜਾਵੇ ਤਾਕਿ ਉਹਨਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਸਫਲ ਹੋ ਸਕੇ। ਸਰਕਾਰ ਨੇ ਨੌ ਇੰਚ ਤੋਂ ਵਡੀ ਕ੍ਰਿਪਾਨ ਉਤੇ ਪਾਬੰਦੀ ਲਾ ਦਿਤੀ ਤੇਜਾ ਸਿੰਘ ਭੁਚਰ ਤੇ ਝਬਰ ਗ੍ਰਿਫਤਾਰ ਕੀਤੇ ਗਏ। 1921 ਦੀ 6 ਮਾਰਚ ਨੂੰ ਨਨਕਾਣਾ ਸਾਹਿਬ ਦੀ ਕਮੇਟੀ ਦੇ ਸਮਾਗਮ ਵਿਚ ਮਤਾ ਪਾਸ ਹੋਇਆ ਕਿ ਸ਼ਹੀਦ ਸਿੰਘਾਂ ਦੇ ਮੁਕਦਮੇ ਕਰਨ ਵਿਚ ਸਰਕਾਰ ਨਾਲ ਨਾ ਨਾਮਿਲਵਰਤਨ ਰਖੀ ਜਾਵੇ।

ਪੰਜਾਬ ਕੌਂਸਲ ਵਿਚ 14 ਮਾਰਚ 1921 ਨੂੰ ਸਰਕਾਰ ਨੇ ਗੁਰਦੁਆਰਾ ਬਿਲ ਪੇਸ਼ ਕਰਨਾ ਚਾਹਿਆ ਇਸ ਦੀ ਤਰੀਕ 5 ਅਪ੍ਰੈਲ ਰੱਖ ਦਿਤੀ। ਸ਼੍ਰੋਮਣੀ ਕਮੇਟੀ ਵਲੋਂ 20 ਮਾਰਚ ਨੂੰ 12 ਸਿੰਘਾਂ ਦੀ ਇਕ ਸਬ ਕਮੇਟੀ ਬਣੀ ਤੇ ਮਤਾ ਪਾਸ ਕੀਤਾ ਗਿਆ ਕਿ 10 ਅਪ੍ਰੈਲ 1921 ਤਕ ਗੁਰਦੁਆਰਾ ਪ੍ਰਬੰਧ ਵਿਚ ਕੋਈ ਸਿੱਖ ਦਖਲ ਨਾ ਦੇਵੇ ਜਦੋਂ ਤੀਕ ਬਿਲ ਤਿਆਰ ਨਹੀਂ ਹੋ ਜਾਂਦਾ। ਸਰਕਾਰ ਨੇ ਬਿਲ ਦਾ ਢਾਂਚਾ ਬਣਾਇਆ ਸਿੱਖਾਂ ਦੀ ਤਸੱਲੀ ਨਾ ਹੋਈ 30 ਅਪਰੈਲ 1921 ਨੂੰ ਸ਼੍ਰੋਮਣੀ ਕਮੇਟੀ ਰਜਿਸਟਰਡ ਹੋਈ। ਇਸੇ ਮਈ 1921 ਵਿਚ ਕਮੇਟੀ ਨੇ ਮਤਾ ਪਾਸ ਕੀਤਾ ਕਿ 15 ਨਵੰਬਰ ਤਕ ਰੋਸ ਵਜੋਂ ਸਰਕਾਰ ਪਾਲਿਸੀ ਦੇ ਖਿਲਾਫ ਕਾਲੇ ਦਸਤਾਰੇ ਸਜਾਏ ਜਾਣ। ਨਨਕਾਣੇ ਸਾਹਿਬ ਕਾਲੇ ਰੰਗ ਦੇ ਕੜਾਹੇ ਉਬਾਲੇ ਗਏ ਜੋ ਵੀ ਸਿੰਘ ਉਥੇ ਪੁਜਦਾ ਉਸ ਦੀ ਦਸਤਾਰ ਕਾਲੀ ਰੰਗੀ ਜਾਂਦੀ। ਇਨਾਂ ਅਥਾਹ ਜੋਸ਼ ਸੀ ਉਸ ਸਮੇਂ ਪੰਥ ਵਿਚ। ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਪੰਥ ਨੂੰ ਇਕ ਹਲੂਣਾ ਸੀ, ਇਕ ਝੰਜੋੜ ਸੀ ਜਿਸ ਨੇ ਦਸ ਦਿਤਾ ਕਿ ਸਿੰਘ ਦੀ ਜੋਤ ਲਟ ਲਟ ਜਲ ਜਾਂਦੀ ਹੈ ਪਰੰਤੂ ਆਪਣੇ ਦੁਆਲੇ ਬਹਾਰਾਂ ਖਿੜਾ ਦਿੰਦੀ ਹੈ। ਜੇਕਰ ਨਨਕਾਣੇ ਸਾਹਿਬ ਦਾ ਸਾਕਾ ਨਾ ਵਰਤਦਾ ਸਿੰਘ ਸ਼ਹਾਦਤਾਂ ਨਾ ਦਿੰਦੇ ਤਾਂ ਸਾਫ਼ ਸਾਬਤ ਹੋ ਜਾਣਾ ਸੀ ਸਿਖ ਪੰਥ ਬੇ-ਅਣਖੀਆਂ ਦਾ, ਬੇਗੈਰਤਾਂ ਦਾ ਪੰਥ ਹੈ ਜਿਸ ਦੀ ਜ਼ਮੀਰ ਵਿਕ ਚੁਕੀ ਹੈ। ਪਰੰਤੂ ਖਾਲਸਾ ਜੀ ਨੇ ਆਪਣੀ ਕੌਮੀ ਸ਼ਾਨ ਦੀਆਂ ਰਵਾਇਤਾਂ ਨੂੰ ਪੁਰਾਤਨ ਸਿੰਘ ਵਾਂਗ ਕਾਇਮ ਕਰ ਵਿਖਾਇਆ। ਅਜ ਭਾਈ ਲਛਮਣ ਸਿੰਘ ਤੇ ਭਾਈ ਦਲੀਪ ਸਿੰਘ ਸਾਡੇ ਵਿਚਕਾਰ ਨਹੀਂ*



www.AKJ.Org

# ਮਨ ਕੇ ਅਧਿਕ ਤਰੰਗ, ਕਿਉ ਦਰ ਸਾਹਿਬ ਛੁਟੀਐ

(ਵਲੋਂ–ਪ੍ਰਿੰਸੀਪਲ ਮਿਹਰ ਸਿੰਘ ਜੀ ਡੇਹਰਾਦੂਨ)

ਮਨੁਖ ਦੀ ਪੁਰਾਣੀ ਤਾਰੀਖ ਤੋਂ ਤੇ ਦੇਵਤਿਆਂ ਆਦਿ ਦੀਆਂ ਪੁਰਾਨੀਆਂ ਗਲਾਂ ਕਹਾਨੀਆਂ ਤੋਂ ਇਹ ਆਮ ਇਕ ਗਲ ਪਤਾ ਲਗੀ ਹੈ ਕਿ ਮਨ ਹੀ ਇਕ ਐਸੀ ਚੀਜ਼ ਹੈ ਜਿਸ ਦੇ ਪਿਛੇ ਲਗ ਕੇ ਮਨੁਖ ਨੇ ਤਰੱਕੀ ਕੀਤੀ ਤੇ ਇਸ ਮੌਜੂਦਾ ਹਾਲਤ ਤੇ ਪਹੁੰਚਿਆ ਕਿ ਉਸਨੇ ਆਪਣੀ ਬੁਧੀ ਦੇ ਚਮਤਕਾਰਾਂ ਨਾਲ ਦੁਨੀਆਂ ਨੂੰ ਹੈਰਾਨਗੀ ਵਿਚ ਪਾ ਦਿਤਾ । ਉਧਰ ਦੇਵਤਿਆਂ ਤੇ ਰਾਕਸ਼ਾਂ ਨੇ ਵੀ ਮਨ ਦੇ ਪਿਛੇ ਲਗ ਕੇ ਹੋੜ ਲਗਾਈ ਤੇ ਆਪੋ ਵਿਚ ਖੇਹਬੜ ਕੇ ਇਕ ਦੂਜੇ ਦਾ ਨੁਕਸਾਨ ਕੀਤਾ ਜਿਸ ਦੀਆਂ ਪੁਰਾਣੀਆਂ ਪੁਰਾਨਕ ਤੇ ਵੇਦਕ ਕਥਾਵਾਂ ਗਵਾਹ ਹਨ । ਇਨ੍ਹਾਂ ਸਾਰੀਆਂ ਘਟਨਾਵਾ ਪਿਛੇ ਇਕ ਮਨ ਹੀ ਸੀ ਜਿਸਨੇ ਹਰ ਇਕ ਨੂੰ ਦੂਜੇ ਤੇ ਬਡੱਪਨ ਪ੍ਰਾਪਤ ਕਰਨ ਲਈ ਪ੍ਰੇਰਿਆ । ਪਰ ਅਸੀਂ ਇਹ ਗਲ ਮੰਨਣ ਤੋਂ ਨਹੀਂ ਰਹਿ ਸਕਦੇ ਕਿ ਮਨ ਉਤੇ, ਨਾ ਹੀ ਦੇਵਤਿਆਂ ਤੇ ਨਾ ਹੀ ਰਾਕਸ਼ਾਂ ਨੇ, ਨਾ ਹੀ ਸਾਧਾਰਨ ਰਿਸ਼ੀਆਂ ਮੁਨੀਆਂ ਨੇ ਕਾਬੂ ਪਾਇਆ । ਇਹ ਵੀ ਸੁਨਣ ਵਿਚ ਆਇਆ ਹੈ ਕਿ ਅਮੁਕ ਰਿਸ਼ੀ ਨੇ ਅਮੁਕ ਮਨੁਖ ਨੂੰ ਗੁਸੇ ਵਿਚ ਆ ਕੇ ਅਪਨੇ ਸਰਾਪ ਨਾਲ ਭਸਮ ਕਰ ਦਿਤਾ ਯਾ ਸਾਰੀ ਉਮਰ ਲਈ ਨਾਕਾਰਾ ਕਰ ਦਿਤਾ । ਇਹ ਸਭ ਕੁਝ ਵੇਖ ਕੇ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਹੀ ਸਿਧ ਹੁੰਦਾ ਹੈ ਕਿ ਇਹ ਸਭ ਕੁਝ ਇਸ ਭੈੜੇ ਮਨ ਦੀਆਂ ਹੀ ਕਰਤੂਤਾਂ ਹਨ ਜੇਹੜਾ ਕਿ ਕਬਜ਼ੇ ਤੋਂ ਬਾਹਰ ਹੈ ਅਤੇ ਕਈ ਯਤਨ ਕਰਨ ਨਾਲ ਵੀ ਕਾਬੂ ਨ ਆ ਸਕਿਆ ।

ਇਸ ਮਨ ਦੇ ਬਾਰੇ ਸਿਆਣਿਆਂ ਦੇ ਅਲਗ ਅਲਗ ਵਿਚਾਰ ਹਨ। ਇਸ ਨੂੰ ਇਛਾਵਾਂ ਦਾ ਮਿਲਾਪ ਕਿਹਾ ਗਿਆ ਹੈ ਇਸ ਨੂੰ ਮਨੁਖ ਦੇ ਸੁਭਾਅ ਦਾ ਚਾਲਕ ਵੀ ਆਖਦੇ ਹਨ । ਇਸ ਨੂੰ ਅੜੀਅਲ ਘੋੜਾ ਵੀ ਕਿਹਾ ਗਿਆ ਹੈ ਹੋਰ ਵੀ ਬਹੁਤ ਕੁਝ ਇਸ ਬਾਰੇ ਅਲਗ ਅਲਗ ਵਿਚਾਰ ਹਨ । ਤਜਰਬੇ ਗਵਾਹ ਹਨ ਕਿ ਇਸ ਨੂੰ ਦਬਾਣਾ ਬੜਾ ਖਤਰਨਾਕ ਹੈ । ਪੁਰਾਣੇ ਜ਼ਮਾਨੇ ਵਿਚ ਕੀ ਤੇ ਅਜ ਕਲ ਦੇ ਜ਼ਮਾਨੇ ਵਿਚ ਕੀ ਤੇ ਅਗੋਂ ਵਾਲੇ ਲਈ ਕੀ, ਸਭ ਸਮਿਆਂ ਵਿਚ ਇਸ ਮਨ ਨੂੰ ਹਠ ਕਰਕੇ ਦਬਾਣਾ ਇਕ ਨਾਮੁਮਕਿਨ ਚੀਜ਼ ਆਖਿਆ ਗਿਆ ਹੈ ਤੇ ਹੈ ਵੀ ਠੀਕ ਜੇ ਇਸ ਮਨ ਨੂੰ ਦਬਾਇਆ ਜਾਏ ਯਾ ਇਸ ਤੇ ਜ਼ਬਰਦਸਤੀ ਕੀਤੀ ਜਾਏ ਤੇ ਇਹ ਸਪ ਨੂੰ ਪਟਾਰੀ ਵਿਚ ਬੰਦ ਕਰਨ ਵਾਲਾ ਹਿਸਾਬ ਹੋਵੇਗਾ ਤੇ ਜਦੋਂ ਵੀ ਇਹ ਸਪ ਪਟਾਰੀ ਦਾ ਮੂੰਹ ਢਿਲਾ ਵੇਖੇਗਾ ਅਪਨਾ ਸਿਰ ਬਾਹਰ ਕਢ ਕੇ ਐਸਾ ਡੰਗ ਮਾਰੇਗਾ ਕਿ ਮਨੁਖ ਨੂੰ ਜਾਨ ਤੋਂ ਵੀ ਹਥ ਧੋਨੇ ਪੈਨਗੇ ।

ਇਹ ਤੈਅ ਹੋਇਆ ਕਿ ਇਸ ਨੂੰ ਪੁਚਕਾਰ ਕੇ, ਦਿਲਾਸਾ ਦੇ ਕੇ ਹੀ ਰਖਨਾ ਅਕਲ ਹੈ ਇਹ ਚੰਗਾ ਮਾਲਕ ਨਹੀਂ, ਚੰਗਾ ਨੌਕਰ ਜ਼ਰੂਰ ਹੈ । ਸਾਧਾਰਨ

---

*ਸ਼ਹੀਦਾਂ ਦੀ ਯਾਦ ਸਿਖ ਪੰਥ ਨੂੰ ਤਤਪਰ ਹੀ ਕਰਦੀ ਰਹੇਗੀ। ਉਨ੍ਹਾਂ ਨੇ ਖੰਡੇ ਦੀ ਧਾਰ ਵਿਚੋਂ ਸ਼ਾਂਤੀ ਲੱਭੀ ਸੀ, ਵਖਰੀ ਤਰ੍ਹਾਂ ਦਾ ਇਨਕਲਾਬ ਲਿਆਂਦਾ ਸੀ। ਦੁਨੀਆਂ ਸ਼ਾਂਤੀ ਨੂੰ ਜੰਗਲਾਂ ਵਿਚ ਜਾ ਕੇ ਲਭਦੀ ਰਹੀ ਪ੍ਰੰਤੂ ਲਛਮਣ ਸਿੰਘ ਤੇ ਦਲੀਪ ਸਿੰਘ ਨੇ ਸ਼ਾਂਤੀ ਦੀ ਝਲਕ ਜ਼ਾਲਮ ਦੀ ਤਲਵਾਰ ਵਿਚ ਵੇਖੀ ਸੀ ।



www.AKJ.Org

ਤੌਰ ਤੇ ਇਸ ਦੇ ਵਸ ਵਿਚ ਸਾਡੀ ਅਕਲ ਹੈ ਤੇ ਅਸੀਂ ਇਸ ਦੇ ਆਖੇ ਲਗ ਕੇ ਸਾਰੇ ਕੰਮ ਕਰਦੇ ਹਾਂ ਤਾਂ ਹੀ ਅਸੀਂ ਦੁਖੀ ਹੁੰਦੇ ਹਾਂ ਕਿਉਂ ਜੋ ਇਹ ਤਾਂ ਆਪ-ਮੁਹਾਰਾ ਹੀ ਚਲਦਾ ਹੈ।

ਇਹ ਸਾਨੂੰ ਜ਼ਿੰਦਗੀ ਦੀਆਂ ਔਕੜਾਂ ਵਿਚ ਫਸਾ ਦੇਂਦਾ ਹੈ ਇਸ ਦੇ ਉਲਟ ਜੇ ਅਸੀਂ ਗੁਰਮਤਿ ਦੇ ਦਾਇਰੇ ਅੰਦਰ ਆ ਕੇ ਵੇਖੀਏ ਤਾਂ ਫੇਰ ਸਾਨੂੰ ਅਪਨੀ ਬੁਧੀ ਦੇ ਵਸ ਵਿਚ ਮਨ ਨੂੰ ਰਖ ਕੇ ਹੀ ਖੁਸ਼ੀ ਹੋਵੇਗੀ ਕਿਉਂ ਜੋ ਸਾਡੀ ਬੁਧੀ ਸਾਡੀ ਆਤਮਾਂ ਦੇ ਕਬਜ਼ੇ ਵਿਚ ਰਵੇਗੀ ਤੇ ਸਾਡਾ ਮਨ ਅਗੋਂ ਬੁਧੀ ਦੇ ਕਬਜ਼ੇ ਵਿਚ ਹੋਵੇਗਾ ਤਾਂ ਸਾਨੂੰ ਕਿਸੇ ਕਿਸਮ ਦੀ ਗੁਮਰਾਹੀ ਜ਼ਿੰਦਗੀ ਵਿਚ ਨਹੀਂ ਦੇਖਣੀ ਪਵੇਗੀ।

ਅਸੀਂ ਕੁਝ ਵੀ ਮਨ ਬਾਰੇ ਕਹੀਏ ਇਸ ਗਲ ਤੋਂ ਵੀ ਅਸੀਂ ਇਨਕਾਰ ਨਹੀਂ ਕਰ ਸਕਦੇ ਕਿ ਇਹ ਮਨ ਹੀ ਸਾਰੇ ਦਿਮਾਗ ਤੇ ਸਰੀਰ ਤੇ ਪੂਰੀ ਤਰ੍ਹਾਂ ਕਾਬੂ ਪਾਉਣ ਵਾਲਾ ਹੈ। ਇਸ ਦੀਆਂ ਖਰਮਸਤੀਆਂ ਤੋਂ ਸਾਰਾ ਸੰਸਾਰ ਜਾਣੂ ਹੈ। ਗੁਰਬਾਣੀ ਵਿਚ ਵੀ ਇਸ ਬਾਰੇ ਐਸਾ ਫੁਰਮਾਨ ਹੈ :—

ਇਹ ਮਨੂਆ ਖਿਨ ਊਭ ਚੜ੍ਹਤ ਹੈ,
ਖਿਨ ਮਹਿ ਜਾਇ ਪਇਆਲੇ।
ਪਾਪੀ ਜੀਉੜਾ ਥਿਰ ਨ ਰਹਿਤ ਹੈ,
ਚਾਰੇ ਕੁੰਟਾ ਭਾਲੇ।

ਇਸ ਨੂੰ ਵਸ ਕਰਨਾ ਯਾ ਇਸ ਦੀਆਂ ਚੰਚਲਤਾਈਆਂ ਰੋਕਣ ਬਾਰੇ ਫਰਿਆਦ ਕੀਤੀ ਗਈ ਹੈ ਕਿ :—

ਵਸ ਆਵੇਂ ਵੇਜਨ ਇਸ ਮਨ ਕਉ,
ਮਨ ਬਾਸੇ ਜਿਉਂ ਨਿਤ ਭਉਦਿਆ।
ਦੁਖਿ ਰੈਣਿ ਵੇ ਵਿਹਾਣੀਆ,
ਨਿਤ ਆਸਾ ਆਸ ਕਰੇਦਿਆਂ।

ਗੁਰਬਾਣੀ ਦੇ ਅਨੁਸਾਰ ਮਨ ਦੀ ਪ੍ਰੀਭਾਸ਼ਾ ਇਉਂ ਕੀਤੀ ਹੈ ਕਿ 'ਮਨ ਤੂੰ ਜੋਤਿ ਸਰੂਪ ਹੈ, ਅਪਨਾ ਮੂਲ ਪਛਾਨ' ਅਰਥਾਤ ਇਸ ਨੂੰ ਪ੍ਰਮਾਤਮਾ ਦੀ ਜੋਤਿ ਦਾ ਅੰਸ਼ ਕਿਹਾ ਗਿਆ ਹੈ ਕਿਉਂ ਜੋ ਮਨੁਖ ਲਈ ਇਹ ਹੀ ਇਕੋ ਸਾਧਨ ਹੈ ਜਿਸ ਕਰਕੇ ਮਨੁਖ ਦਾ ਮਿਲਾਪ ਵਾਹਿਗੁਰੂ ਨਾਲ ਹੋ ਸਕਦਾ ਹੈ। 'ਮਨ ਕੀ ਬਿਰਥਾ, ਮਨ ਹੀ ਜਾਨੈ' ਵਾਲੀ ਗਲ ਠੀਕ ਢੁਕਦੀ ਹੈ।

ਇਸ ਮਨ ਨੂੰ ਇਸ ਦੀਆਂ ਕਰਤੂਤਾਂ ਤੋਂ ਰੋਕਨ ਲਈ ਗੁਰਬਾਣੀ ਵਿਚ ਇਸ ਨੂੰ ਕਈ ਪਰਕਾਰ ਨਾਲ ਤੰਬੀਹ ਦਿਤੀ ਗਈ ਹੈ ਕਿ ਤੂੰ ਸਿਧੇ ਰਾਹ ਤੇ ਚਲ ਤੇ ਮਨੁਖ ਨੂੰ ਬਰਬਾਦ ਨ ਕਰ। ਜੈਸੇ :—

'ਮਨ ਮੇਰੇ ਭੂਲੇ ਕਪਟੁ ਨ ਕੀਜੈ,
ਅੰਤਿ ਨਿਬੇਰਾ ਤੇਰੇ ਜੀਆ ਪਹਿ ਲੀਜੈ'
'ਮਨ ਮੇਰੇ ਗਹੁ ਹਰਿਨਾਮ ਕਾ ਓਲਾ,
ਤੁਝੈ ਨ ਲਾਗੈ ਤਾਤਾ ਝੋਲਾ।'

ਕਦੀ ਕਦੀ ਇਹ ਮਨੁਖ ਨੂੰ ਐਸੇ ਚਕਰ ਵਿਚ ਪਾ ਦੇਂਦਾ ਹੈ ਕਿ ਮਨੁਖ ਦੀ ਅਕਲ ਇਸ ਨੂੰ ਸਮਝ ਹੀ ਨਹੀਂ ਸਕਦੀ। ਇਹ ਮਨ ਦੀ ਹੀ ਖਰਮਸਤੀ ਹੈ ਕਿ ਇਹ ਅਪਨੀ ਦੁਬਾਜਰੀ ਤਬੀਅਤ ਨਾਲ ਮਨੁਖ ਦੇ ਅਰਦਾਸੇ ਕਰਨ ਸਮੇਂ ਵੀ ਇਸ ਨੂੰ ਧੋਖਾ ਦੇ ਜਾਂਦਾ ਹੈ ਗੁਰਬਾਣੀ ਗਵਾਹ ਹੈ:—

ਹਿਰਦੈ ਕਾਮ ਕਾਮਨੀ ਮਾਗਹਿ,
ਰਿਧਿ ਮਾਗਹਿ ਹਾਥੁ ਪਸਾਰੇ।

ਜਦੋਂ ਮਨੁਖ ਹਥ ਪਸਾਰ ਕੇ ਉਸ ਦੀ ਕ੍ਰਿਪਾ ਮੰਗਦਾ ਹੈ ਉਸ ਦਾ ਨਾਮ ਮੰਗਦਾ ਹੈ ਅੰਦਰੋਂ ਇਹ ਮਨ ਉਸ ਨੂੰ ਹੋਰ ਕਾਮਨਾਵਾਂ ਮੰਗਨ ਲਈ ਪ੍ਰੇਰਦਾ ਹੈ ਇਹ ਸਭ ਕੁਝ ਇਸ ਮਨ ਦੀ ਦੁਬਾਜਰੇ ਸੁਭਾਅ ਦਾ ਸਬੂਤ ਹੈ। ਸੋ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਾਡਾ ਮਨ ਹਰ ਵੇਲੇ ਹਰ ਵਾਤਾਵਰਨ ਵਿਚ ਸਾਡਾ ਸਾਥ ਹੀ ਦੇਵੇਗਾ ਤੇ ਸਾਨੂੰ ਗੁਰਮਤਿ ਦੇ ਚਲਨ ਵਿਚ ਹਰਿ ਸਮੇਂ ਸਹਾਇਤਾ ਕਰੇਗਾ। ਤਾਂ ਹੀ ਗੁਰਸਿਖ ਅਰਦਾਸੇ ਵਿਚ ਕਹਿੰਦਾ ਹੈ ਕਿ ਹੇ ਦਾਤਾ ਸਿਖਾਂ ਨੂੰ ਨਾਮ ਦਾਨ, ਬੁਧ ਦਾਨ, ਸੁਮੱਤ ਦਾਨ, ਮਤ ਬੁਧ ਦਾ ਰਾਖਾ ਵਾਹਿਗੁਰੂ' ਇਤਿਆਦਿ ਇਸ ਤੋਂ ਸਪਸ਼ਟ ਇਹ ਹੀ ਹੁੰਦਾ ਹੈ ਕਿ ਸਾਡੇ ਮਨ, ਫੇਰ ਬੁਧੀ ਉਸ ਤੋਂ ਮਗਰੋਂ ਆਤਮਾ ਦਾ ਰਾਖਾ ਵਾਹਿਗੁਰੂ ਹੀ ਹੈ।

ਇਹ ਮਨ ਕਿਸੇ ਵੇਲੇ ਐਸੀਆਂ ਨਟ ਖਟੀਆਂ



www.AKJ.Org

ਕਰਦਾ ਹੈ ਕਿ ਚੰਗੇ ਭਲੇ ਤੇ ਬਿਰਤੀ ਵਾਲੇ ਗੁਰਸਿਖਾਂ ਨੂੰ ਵੀ ਅਪਨੇ ਅਚਾਨਕ ਹਮਲੇ ਨਾਲ ਭੁਲੇਖੇ ਵਿਚ ਪਾ ਦੇਂਦਾ ਹੈ। ਇਹ ਉਸ ਵੇਲੇ ਗਲ ਵਾਪਰਦੀ ਹੈ ਜਦੋਂ ਗੁਰਸਿਖ ਗੁਰਬਾਣੀ ਪਾਠ, ਸਿਮਰਨ ਆਦਿ ਵਿਚ ਜੁਟਨ ਵੇਲੇ ਦੁਚਿਤਾ ਹੋ ਜਾਂਦਾ ਹੈ ਤਾਂ ਇਹ ਸੋਚਨ ਲਗ ਪੈਂਦਾ ਹੈ ਕਿ ਸਿਰਮਨ ਤੇ ਜ਼ਰਾ ਠਹਿਰ ਕੇ ਬੈਠਾਂਗਾ ਹੋਰ ਜ਼ਰਾ ਕੁ ਆਰਾਮ ਕਰ ਲਵਾਂ, ਕੋਈ ਗਲ ਨਹੀਂ, ਉਧਰੋਂ ਇਹ ਵੀ ਆਖਦਾ ਹੈ ਕਿ ਗੁਰਸਿਖੀ ਫ਼ਰਜ਼ ਇਹ ਨਹੀਂ ਕਹਿੰਦਾ ਕਿ ਮੈਂ ਹਮੇਸ਼ਾ ਤਾਂ ਦੋ ਵਜੇ ਸਿਮਰਨ ਤੇ ਉਠ ਕੇ ਬੈਠਦਾ ਹਾਂ ਅਜ ਜੇ ਲੇਟ ਹੀ ਬੈਠ ਜਾਵਾਂ ਯਾ ਥੋੜਾ ਕੁ ਸਮਾਂ ਹੀ ਬੈਠ ਲਵਾਂ। ਫੇਰ ਦਿਲ ਵਿਚ ਇਹ ਵਿਚਾਰ ਆਉਂਦਾ ਹੈ ਕਿ ਸਿਖੀ-ਨਿਯਮ ਮੋਮ ਦੀ ਨਕ ਵਰਗੇ ਨਹੀਂ, ਜਿਧਰ ਚਾਹੀਏ ਤੇ ਜਦੋਂ ਚਾਹੀਏ ਇਸਨੂੰ ਮੋੜ ਲਈਏ, ਉਠ ਹੋਸ਼ਿਆਰ ਹੋ ਤੇ ਨਾਮ ਬਾਣੀ 'ਚ ਜੁਟ ਜਾਹ। ਇਸੇ ਉਧੇੜ-ਬੁਨ 'ਚ ਜੇ ਗੁਰਸਿਖ ਭਲੇ ਪਾਸੇ ਲਗ ਜਾਵੇ ਤਾਂ ਤੇ ਉਸ ਨੇ ਅਪਣਾ ਅਸੂਲ ਪੱਕਾ ਕਰ ਲਿਆ ਤੇ ਫ਼ਿੱਟ ਹੋ ਗਿਆ ਜੇ ਢਿਲੇ ਪਨ ਨੇ ਉਸ ਨੂੰ ਦਬਾ ਲਿਆ ਤਾਂ ਉਹ ਡਿਗਦਾ ਡਿਗਦਾ ਡਿਗ ਪਵੇਗਾ। ਮਨ ਦੇ ਇਸ ਉਧੇੜ-ਬੁਨ ਨੂੰ Mental sea-saw ਆਖਦੇ ਹਨ। ਇਹ ਹੈ ਮਨ ਦੀ ਖਰਮਸਤੀ, ਜਿਸ ਵਿਚ ਇਕ ਕੀ ਅਨੇਕ ਹੀ ਫਸੇ ਹੋਏ ਹਨ। ਇਸੇ ਲਈ ਤਾਂ ਫੁਰਮਾਨ ਹੈ—

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।

ਇਸ ਮਨ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ ਕਿਸੇ ਵੇਲੇ ਵੀ ਚੰਗਾ ਭਲਾ ਚਲਦਾ ਚਲਦਾ ਧੋਖਾ ਦੇ ਸਕਦਾ ਹੈ।

ਸੋ ਸਾਨੂੰ ਇਹ ਗਲ ਮੰਨਣੀ ਪਵੇਗੀ ਕਿ ਸਾਡਾ ਜੀਵਨ ਇਕ 'ਲਗਾਤਾਰ ਯੁਧ' ਹੈ ਜੇਹੜਾ ਕਿ ਅਸਾਂ ਇਸ ਮਨ ਨਾਲ ਕਰਨਾ ਹੈ ਪਰ ਕਰਨਾ ਵੀ ਤਰੀਕੇ ਨਾਲ ਹੈ ਅਤੇ ਤਰੀਕੇ ਤੋਂ ਕੰਮ ਲੈਣਾ ਹੈ। ਹਠ ਨਹੀਂ ਕਰਨਾ। ਇਸ ਮਨ ਨੂੰ ਇਸ ਅੜੀਅਲ ਘੋੜੇ ਨੂੰ ਪੁਚਕਾਰ ਕੇ ਰਖਣਾ ਹੈ ਤਾਂ ਹੀ ਜੀਵਨ ਸਾਧਨ ਰੂਪ ਹੋ ਸਕੇਗਾ।

ਗੁਰਬਾਣੀ ਇਸ ਮਨ ਨੂੰ ਮਿਥਿਆ (advice) ਕਰਦੀ ਹੈ:—

'ਰਾਖਨਹਾਰੁ ਸਮਾਰਿ ਜਨਾ।
ਸਗਲੇ ਛੋਡਿ ਬੀਚਾਰ ਮਨਾ।'
'ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ।
ਕਾਜਿ ਤੁਹਾਰੈ ਨਾਹੀ ਹੋਰੁ।'

ਇਕ ਹੋਰ ਥਾਂ ਤੇ ਬੜੇ ਹੀ ਸੁਹਣੇ ਤੇ ਸਿਆਨਪ ਭਰੇ ਤਰੀਕੇ ਨਾਲ ਇਸ ਮਨ ਨੂੰ ਇਸ ਦੀਆਂ ਖ਼ੁਮਸਤੀਆਂ ਛਡਣ ਲਈ ਕਹਿੰਦਿਆਂ ਹੋਇਆਂ ਗੁਰੂ ਦੀ ਓਟ ਲੈਣ ਲਈ ਪ੍ਰੇਰਿਆ ਗਿਆ ਹੈ ਤਾਂ ਜੋ ਇਹ ਮਨੁਖ ਦੇ ਉਧਾਰ (ਜਮਨ ਮਰਨ ਤੋਂ ਛੁਟਕਾਰਾ ਪਾਉਣ) ਵਿਚ ਸਹਾਈ ਹੋ ਸਕੇ ਗੁਰਵਾਕਨੁਸਾਰ:—

ਮਨ ਮੇਰੇ, ਕਰਤੇ ਨੋ ਸਾਲਾਹਿ।
ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ।

ਇਹ ਵੀ ਮਨ ਦੀ ਖਰਮਸਤੀ ਹੀ ਹੈ ਕਿ ਕੋਈ ਐਸਾ ਸੋਚੈ ਕਿ ਜਦੋਂ ਸਾਡੇ ਤੇ ਗੁਰੂ ਦੀ ਕ੍ਰਿਪਾ ਹੋਵੇਗੀ ਨਾਮ ਜਪਾਂਗੇ ਤੇ ਗੁਰਮਤਿ ਦਾਇਰੇ ਵਿਚ ਆਵਾਂਗੇ। ਉਹਨਾਂ ਨੂੰ ਇਹ ਨਹੀਂ ਪਤਾ ਕਿ ਪਹਿਲੇ ਆਤਮਕ ਕ੍ਰਿਪਾ ਫਿਰ ਗੁਰੂ ਕ੍ਰਿਪਾ ਫਿਰ ਦੈਵ ਕ੍ਰਿਪਾ ਹੁੰਦੀ ਹੈ। ਜਦ ਤਕ ਮਨੁਖ ਅਪਨੇ ਮਨ ਵਿਚ ਇਹ ਖਾਹਸ਼ ਨ ਕਰੇ ਕਿ ਮੈਂ ਨਾਮ ਬਾਣੀ ਵਲ ਆਵਾਂ ਉਦੋਂ ਤਕ ਗੁਰੂ ਕ੍ਰਿਪਾ ਦੀ ਆਸ਼ਾ ਨਹੀਂ ਕਰਨੀ ਚਾਹੀਦੀ। ਮਹਾਵਾਕਾਨੁਸਾਰ—

ਚਰਨ ਸਰਨ ਗੁਰੂ ਏਕ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਅਗੇ ਹੋਇ ਲੇਤ ਹੈ।

ਇਹ ਵੀ ਯਾਦ ਰਖਨਾ ਚਾਹੀਦਾ ਹੈ ਕਿ ਗੁਰੂ ਤਾਂ ਹਰ ਵੇਲੇ ਅਪਨੇ ਸਿਖ ਲਈ ਨੌ ਨਿਧਾਂ ਤੇ ਅਠਾਰਾਂ ਸਿਧਾਂ ਲੈ ਕੇ ਖੜਾ ਹੈ ਕਿ ਮੈਂ ਉਸਨੂੰ ਦਿਆਂ ਪਰ ਗੁਰਸਿਖ ਲਈ ਅਪਨੇ ਅੰਦਰ ਯੋਗਤਾ ਪੈਦਾ ਕਰਨਾ ਜ਼ਰੂਰੀ ਹੈ। ਕਹਿਣ ਕਹਾਉਣ ਨਾਲ ਕੁਝ ਨਹੀਂ ਬਣਦਾ ਅਮਲੀ ਤੌਰ ਤੇ ਕਰਨਾ ਹੀ ਕਾਮਯਾਬੀ ਦੀ ਪੌੜੀ ਹੈ।

ਇਸ ਮਨ ਲਈ ਗੁਰਬਾਣੀ ਵਿਚ ਅਨੇਕਾਂ ਹੀ



www.AKJ.Org

ਸਿਖਿਆਵਾਂ ਹਨ ਜੈਸੇ:–

ਇਸੁ ਮਨ ਕਉ ਕੋਈ ਖੋਜਹੁ ਭਾਈ,
ਮਨੁ ਖੋਜਤ ਨਾਮੁ ਨਉ ਨਿਧਿ ਪਾਈ।
ਇਹੁ ਮਨੁ ਜਾਗੈ ਇਸੁ ਮਨੁ ਕੀ ਦੁਬਿਧਾ ਮਰੈ।

ਗੁਰਬਾਣੀ ਇਸ ਗਲ ਦੀ ਵੀ ਗਵਾਹ ਹੈ ਕਿ ਇਸ ਮਨੁ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੈ ਇਸ ਦੇ ਮੈਲੇ ਪਨ ਨਾਲ ਸਭ ਕੁਝ ਮੈਲਾ ਹੀ ਹੈ ਤਨ ਦੇ ਧੋਨ ਕਰਕੇ ਇਸਦੀ ਮੈਲ ਨਹੀਂ ਉਤਰ ਸਕਦੀ। ਇਸਦਾ ਇਕ ਮਾਤ੍ਰ ਇਲਾਜ ਗੁਰੂ ਦੀ ਸਰਨ ਵਿਚ ਆਉਣਾ ਹੈ ਫੁਰਮਾਨ ਹਨ :—

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ,
ਕਾਲਾ ਹੋਆ ਸਿਆਹੁ ॥
ਮਨਿ ਮੈਲੈ ਸਭੁ ਕੁਛ ਮੈਲਾ,
ਤਨਿ ਧੋਤੈ ਮਨੁ ਹਛਾ ਨ ਹੋਇ।
ਗੁਰੁ ਪੂਰਾ ਪਾਇਆ ਵਡਭਾਗੀ,
ਹਰਿ ਮੰਤ੍ਰੁ ਦੀਆ ਮਨੁ ਠਾਢੇ।

ਇਸ ਮਨ ਦੇ ਕਾਬੂ ਆਉਣ ਤੇ ਮਨੁਖ ਦੀਆਂ ਤ੍ਰਿਸ਼ਨਾਵਾਂ ਸਭ ਖ਼ਤਮ ਹੋ ਜਾਂਦੀਆਂ ਹਨ। 'ਮਨ ਮਾਰੈ ਧਾਤ ਮਰ ਜਾਏ' ਦੇ ਮੁਤਾਬਕ ਵੀ ਮਨ ਅਪਣੀ ਮੰਜ਼ਿਲ ਤੇ ਪਹੁੰਚ ਜਾਂਦਾ ਹੈ ਅਰਥਾਤ ਗੁਰੂ ਦੀ ਸਮੀਪਤਾ ਦੀ ਪ੍ਰਾਪਤੀ ਮਗਰੋਂ, ਸਰੂਪਤਾ ਪਰਾਪਤ ਕਰਕੇ, ਅਭੇਦਤਾ ਦੀ ਹਾਲਤ ਤੇ ਪਹੁੰਚ ਸਕਦਾ ਹੈ, ਅਤੇ ਇਸ ਦੀ ਗਵਾਹੀ ਗੁਰਬਾਣੀ ਦੇਂਦੀ ਹੈ। ਫੁਰਮਾਨ ਹੈ ਕਿ–'ਮਨੁ ਮਾਨੈ, ਗੁਰ ਤੇ ਇਕੁ ਹੋਇ।'

ਇਸ ਮਨ ਦੀ ਬਾਂਦਰ ਵਾਲੀ ਚੰਚਲਤਾ ਤੋਂ ਤੇ ਇਸ ਦੀਆਂ ਖਰਮਸਤੀਆਂ ਤੋਂ ਨ ਬਚਣ ਕਰਕੇ ਵਡੇ ਵਡੇ ਯੋਗੀ ਪੰਜ ਚੋਰਾਂ (ਕਾਮ ਕ੍ਰੋਧ ਆਦਿ) ਦਾ ਸ਼ਿਕਾਰ ਬਣੇ ਤੇ ਭ੍ਰਿਸ਼ਟਾਚਾਰ ਜੋਗੀ ਹੋ ਕੇ ਫੇਰ ਗਰਭ ਜੋਨ ਵਿਚ ਆਏ ਉਚੇ ਤੋਂ ਉਚੇ ਪਦ ਪ੍ਰਾਪਤ ਕਰਨ ਵੇਲੇ ਵੀ ਇਸ ਮਨ ਦੀ ਚੋਟ ਤੋਂ ਨ ਖਿਚ ਸਕੇ ਤਾਂ ਤੇ ਅਖੀਰ ਤੇ ਦੁਨੀਆਂਦਾਰ ਇਸ ਮਨ ਬਾਰੇ ਇਹ ਹੀ ਸਮਝੇ ਕਿ 'ਕੁਝ ਨ ਸਮਝੇ। ਤੀਰਥਾਂ ਤੇ ਜਾ ਕੇ ਕਰਵੱਤ ਵੀ ਕਰਾਇ। ਹਠ ਯੋਗ ਵੀ ਕੀਤੇ। ਗ੍ਰਹਿ ਬਸਤੀਆਂ ਛਡੀਆਂ। ਕੰਨ ਪੜਵਾਏ। ਜਟਾ ਜੂਟ ਰਹਿ ਕੇ ਜੀਵਨ ਬਤੀਤ ਕੀਤੇ। ਜੰਗਲਾਂ ਵਿਚ ਫਿਰੇ। ਗੁਫਾਵਾਂ ਵਿਚ ਛੁਪ ਛੁਪ ਕੇ ਡੇਰੇ ਲਾ ਕੇ ਜ਼ਿੰਦਗੀ ਦੇ ਦਿਨ ਪੂਰੇ ਕੀਤੇ। ਸੰਨਿਆਸ ਧਾਰਨ ਕੀਤੇ। ਕੀ ਕੁਝ ਨ ਕੀਤਾ ? ਸਭ ਕੁਝ ਕੀਤਾ। ਕਿਸ ਲਈ ? ਇਸ ਮਨ ਦੇ ਕਾਬੂ ਕਰਨ ਲਈ ਪਰ ਨਤੀਜਾ ਕੀ ਨਿਕਲਿਆ ? ਕੁਝ ਨਹੀਂ। ਕੇਵਲ ਐਸੀ ਗਲ ਬਣੀ ਕਿ ਕੁਤੇ ਦੀ ਪੂਛ ਵਾਂਗੂੰ ਬਾਰਾਂ ਸਾਲ ਬਾਂਸ ਅੰਦਰ ਬੰਦ ਰਖਣ ਮਗਰੋਂ ਵੀ ਟੇਢੀ ਦੀ ਟੇਢੀ।

ਇਹ ਗਲ ਵੀ ਚੇਤੇ ਕਰਨ ਯੋਗ ਹੈ, ਅਸਾਂ ਇਸ ਮਨ ਤੋਂ ਨਫਰਤ ਨਹੀਂ ਕਰਨੀ। ਇਸ ਨੂੰ ਨਫ਼ਰਤ ਕਰਨ ਵਾਲੀ ਗਲ ਗਲਤ ਹੈ। ਇਹ ਤਾਂ ਪਰਮਾਤਮਾ ਦੇ ਮਿਲਾਪ ਦਾ ਸਾਧਨ ਹੈ ਸੋ ਗੁਰੂ ਆਗਿਆ ਦਾ ਪਾਲਨ ਕਰਦਿਆਂ ਹੋਇਆਂ ਇਸ ਮਨ ਨਾਲ ਅਸਾਂ ਸਲੂਕ ਕਰਨਾ ਹੈ ਉਹ ਕੀ ? ਉਹ ਸੁਖਮਨੀ ਸਾਹਿਬ ਵਿਚ ਮਹਾਰਾਜ ਨੇ ਫੁਰਮਾਇਆ ਹੈ ਕਿ:—

"ਮਨ ਪ੍ਰਬੋਧਹੁ ਹਰਿ ਕੇ ਨਾਇ।
ਦਹਦਿਸ ਧਾਵਤ ਆਵੈ ਠਾਇ।"

ਅਸਾਂ ਇਸ ਮਨ ਨੂੰ ਪ੍ਰਚਾਰ ਕੇ ਪਿਆਰ ਨਾਲ ਤਰੀਕੇ ਨਾਲ ਗੁਰਬਾਣੀ ਦਾ ਓਟ ਆਸਰਾ ਲੈ ਕੇ ਨਾਮ ਸਿਮਰਨ ਨਾਲ ਵਸ ਵਿਚ ਲਿਆਉਣਾ ਹੈ। ਇਹ ਹੀ ਇਸ ਦਾ ਅੰਤਮ ਇਲਾਜ ਹੈ। "ਇਸ ਮਨ ਕੋ ਕੋਈ ਖੋਜੈ ਭਾਈ" ਨੂੰ ਯਾਦ ਕਰਦਿਆਂ ਹੋਇਆਂ ਅਸਾਂ ਅਪਣੇ ਅੰਦਰ ਹੀ ਇਸ ਦਾ ਇਲਾਜ ਲਭਨਾ ਹੈ, ਤੇ "ਕਾਇਆ ਨਗਰ ਇਕ ਬਾਲਕ ਵਸਿਆ, ਖਿਨ ਪਲ ਟਿਕਨ ਨ ਰਹਾਈ" ਨੂੰ ਸਮਝ ਕੇ ਇਸ ਚੰਚਲ ਬਾਲਕ (ਮਨ) ਨੂੰ ਗੁਰੂ ਦੇ ਬਖਸ਼ੇ ਹੋਇ ਗਿਆਨ ਨਾਲ ਤੇ ਵਾਹਿਗੁਰੂ ਮੰਤ੍ਰ ਨਾਲ ਹੀ ਕਾਬੂ ਕਰਨਾ ਹੈ। ਗੁਰਸਿਖ ਸਤ ਬਚਨੀਆਂ, ਸ਼ਰਧਾਲੂ ਤੇ ਨਿਮਾਣਾ ਰਹੇ। ਨਿਮਾਣਾ ਰਹਿਣਾ ਸਿੱਖ ਲਈ ਬੜਾ ਜ਼ਰੂਰੀ ਹੈ।

ਸਾਨੂੰ ਗੁਰਮਤਿ ਸਿਧਾਤਾਂ ਦੇ ਗ੍ਰਹਿਣ ਕਰਨ ਵਿਚ ਪੂਰਨ ਰੂਪ ਤੇ ਨਿਰਮਾਨਤਾ ਧਾਰਨ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਇਸ ਬਹੁ-ਰੰਗੀ ਮਨ ਦਾ ਇਲਾਜ ਗੁਰਮਤਿ ਅਨੁਸਾਰ ਯਥਾ ਸ਼ਕਤਿ ਕਰ ਸਕਦੇ ਹਾਂ।



www.AKJ.Org

# ਸੁਰਨ ਰੰਗੀ ਭਾਈ ਸਰਵਣ ਸਿੰਘ

(ਵਲੋਂ :—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਇਹਨਾਂ ਦੇ ਸਾਰੇ ਸਰੀਰ ਦਾ ਰੰਗ ਤਾਂ ਨਿਰੋਲ ਸੁਰਮਈ (ਸਿਆਹ ਫਾਮ) ਸੀ ਪਰੰਤੂ ਇਹਨਾਂ ਦੇ ਨਾਮ ਰੰਗਾਂ ਨਾਲ ਦਗ ਦਗ ਕਰਦੇ ਮਸਤਕ ਅਤੇ ਚਿਹਰੇ ਵਿਚੋਂ ਸਵਰਨ (ਸੋਨੇ) ਦੇ ਰੰਗਾਂ ਦੀਆਂ ਕਿਰਨਾਂ ਹਰ ਵਕਤ ਪੈਂਦੀਆਂ ਰਹਿੰਦੀਆਂ ਸਨ। ਇਸ ਕਰਕੇ ਇਸ ਵੀਰ ਦਾ ਨਾਮ ਦਾਸ ਨੇ ਸਵਰਨ ਰੰਗੀ ਭਾਈ ਸਰਵਣ ਸਿੰਘ ਪਾ ਲਿਆ ਸੀ। ਫਲੇਵਾਲੀਏ ਭਾਈ ਸਰਵਣ ਸਿੰਘ ਤੋਂ ਭਿੰਨ ਏਹ ਇਕ ਹੋਰ ਭਾਈ ਸਰਵਣ ਸਿੰਘ ਹੋਏ ਹਨ; ਜਿਨ੍ਹਾਂ ਦੇ ਥਾਨ ਮੁਕਾਮ ਅਤੇ ਨਿਵਾਸ ਅਸਥਾਨ ਦਾ ਕੋਈ ਪਤਾ ਨਹੀਂ। ਕਿਸੇ ਅਗਮ ਗੜ੍ਹ ਵਿਚੋਂ ਹੀ ਪਰਗਟ ਹੋ ਕੇ ਸਾਡੇ ਜੇਲ੍ਹ ਜਾਣ ਤੋਂ ਕੁਝ ਸਾਲ ਪਹਿਲਾਂ ਜਥੇ ਵਿਚ ਆ ਸ਼ਾਮਲ ਹੋਏ ਆਵਣ ਸਾਰ ਹੀ ਅੰਮ੍ਰਿਤ ਛਕ ਲਿਆ ਅਤੇ ਅੰਮ੍ਰਿਤ ਛਕਣ ਸਾਰ ਹੀ ਅਮਰ ਅਟਾਰਿਆਂ ਤੇ ਜਾ ਚੜ੍ਹੇ। ਗੁਰਮੁਖੀ ਦਾ ਇਕ ਅਖਰ ਨਹੀਂ ਜਾਣਦੇ ਸਨ। ਗੁਰਬਾਣੀ ਦਾ ਕੋਈ ਸ਼ਬਦ ਵੀ ਉਹਨਾਂ ਦੇ ਕੰਠਾਗਰ ਨਹੀਂ ਸੀ। ਇਹ ਵੀਰ ਉਕਾ ਹੀ ਅਨਪੜ੍ਹ ਸੀ ਪਰੰਤੂ ਗੁਰਬਾਣੀ ਦੇ ਇਸ ਵਾਕ ਅਨੁਸਾਰ:–

"ਜੋ ਪਰਾਨੀ ਗੋਬਿੰਦ ਧਿਆਵੈ ॥
ਪੜਿਆ ਅਨਪੜਿਆ ਪਰਮਗਤਿ ਪਾਵੈ ॥

ਇਸ ਨੂੰ ਬੜੀ ਅਗਮ ਗੁਰਮਤਿ ਬਿਵਸਥਾ ਦੀ ਗੰਮਤਾ ਪਰਾਪਤ ਸੀ, ਸੇਵਾ ਦਾ ਪੁਤਲਾ ਸੀ। ਮਾਨੋਂ ਸੇਵਾ ਦਾ ਸਰੂਪ ਹੀ ਬਣ ਕੇ ਅਵਰਤਿਆ ਹੋਇਆ ਹੈ। ਅਜੇ ਚੇਹਰੇ ਉਤੇ ਲੂਈ ਨਹੀਂ ਫੁਟੀ ਸੀ ਅਨਦਾੜ੍ਹੀਆ ਹੀ ਸੀ। ਜਿਉਂ ਆ ਕੇ ਸੇਵਾ ਵਿਚ ਜੁਟਿਆ ਹੈ ਦਿਨੇ ਰਾਤ ਜੁਟਿਆ ਹੀ ਰਿਹਾ ਕਰੇ। ਨਾਮ ਅਭਿਆਸ ਦਾ ਬੜਾ ਹੀ ਧਨੀ ਸੀ ਸਵਾਸ ਸਵਾਸ ਨਾਮ ਕਲਾ ਵਿਚ ਨਿਪੁੰਨ ਸੀ। ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮਾਂ ਵਿਚ ਹਰ ਪਰਕਾਰ ਦੀ ਸੇਵਾ ਨਿਸਕਾਮਤਾ ਸਹਿਤ ਸਿਰ ਤੇ ਚੁਕੀ ਹੋਈ ਸੀ, ਸਾਰੀ ਸੰਗਤ ਦੇ ਲੰਗਰ ਸਜਾਵਣੇ ਚਾਹੇ ਕਿਤਨੀਆਂ ਹੀ ਸੰਗਤਾਂ ਆ ਜਾਣ ਹਥੀਂ ਸਾਰੀ ਸੰਗਤ ਦੀ ਸੇਵਾ ਹਰ ਪ੍ਰਕਾਰ ਕਰਨੀ ਸਾਰੀ ਸੰਗਤ ਦੇ ਜੂਠੇ ਭਾਂਡੇ ਮਾਂਜਣੇ ਮਜਾਲ ਹੈ ਕੋਈ ਹੋਰ ਮਾਂਜ ਜਾਵੇ। ਲੰਗਰ ਦੇ ਸਰਬਲੋਹੀ ਬਰਤਨਾਂ ਨੂੰ ਮਾਂਜ ਸਵਾਰ ਕੇ ਚਮਕਾ ਕੇ ਰਖਣਾ। ਹਰ ਇਕ ਸਮਾਗਮੀ ਅਸਥਾਨ ਉਤੇ ਬਰਤਨਾਂ ਦੀ ਬੋਰੀ ਸਿਰ ਤੇ ਚੁਕ ਕੇ ਲੈ ਜਾਣੀ ਜੋੜੀ ਵਾਜੇ ਨੂੰ ਭੀ ਗਹੇ ਮਾਰ ਲੈਣਾ। ਮੋਢੇ ਤੇ ਹੋਰ ਸਾਰਾ ਸਾਮਾਨ ਵੀ ਚੁਕ ਤੁਰਨਾ। ਕਿਸੇ ਨੂੰ ਕੱਖ ਵੀ ਖੜਨ ਨ ਦੇਣਾ। ਇਸ ਦੀ ਪਰਮ ਅਧੀਨਗੀ ਸਹਿਤ ਬੇਨਤੀ ਅਨੁਸਾਰ ਅਖੰਡ ਪਾਠ ਸਮਾਗਮਾਂ ਦੇ ਐਨ ਨਿਕਟ ਹੀ ਲੰਗਰ ਅਸਥਾਨ ਰਖਿਆ ਹੋਇਆ ਹੁੰਦਾ ਸੀ ਜਿਥੇ ਕਿ ਅਖੰਡ ਪਾਠ ਦੀ ਧੁੰਨੀ ਸੁਗਮਤਾ ਸਹਿਤ ਹੀ ਇਸ ਵੀਰ ਦੇ ਕੰਨਾਂ ਵਿਚ ਪੈਂਦੀ ਰਹਿੰਦੀ। ਬਸ ਇਸ ਵੀਰ ਦਾ ਇਹੋ ਇਕੋ ਇਕ ਪਰੇਮ ਭਰਿਆ ਸ਼ੌਕ ਸੀ ਕਿ ਨਾਲੇ ਅਖੰਡ ਪਾਠ ਸੁਣੇ ਨਾਲੇ ਹੀ ਲੰਗਰ ਦੀ ਸੇਵਾ ਨਿਬਾਹੇ। ਸਾਲਾਂ ਬੱਧੀ ਇੰਞ ਨਿਭਦੀ ਰਹੀ ਕਿ ਸਾਰੀ ਸੰਗਤ ਵਿਖੇ ਇਹ ਸੱਜਣ ਗੁਪਤ ਲੁਪਤ



www.AKJ.Org

ਹੀ ਵਰਤਦਾ ਰਿਹਾ । ਕਿਸੇ ਨੂੰ ਵੀ ਇਸ ਦੀ ਗੂੜ੍ਹ ਆਤਮ ਬਿਰਤੀ ਦੀ ਅਪਾਰ ਪਹੁੰਚ ਦਾ ਕੁਝ ਪਤਾ ਨਹੀਂ ਸੀ ਪਰੰਤੂ ਜਿਨ੍ਹਾਂ ਨੂੰ ਇਸ ਦੇ ਨਾਲ ਗਹਿਰ ਗੰਭੀਰਾ ਵਾਹ ਪਿਆ ਸੀ ਉਹੀ ਜਾਣਦੇ ਸਨ ਇਸ ਦੀ ਸਾਰ ਨਿਰਮਾਣ ਅਤੇ ਨਿਸਕਾਮ ਅਤੁਟ ਸੇਵਾ ਦਾ ਸੁਤੇ ਸੁਭਾਵ ਹੀ ਫਲ ਇਸ ਨੂੰ ਇਹ ਪ੍ਰਾਪਤ ਹੋਇਆ ਕਿ ਨਾਮ ਰੰਗਾਂ ਵਿਚ ਇਸ ਦੀ ਬਿਰਤੀ ਐਸੀ ਅਰੂੜ ਹੋਈ ਕਿ ਬੜੇ ਬੜੇ ਗਿਆਨੀਆਂ ਗੁਣੀਆਂ ਦੀ ਵੀ ਨਹੀਂ । ਆਗਮ ਨਿਗਮ ਦੀਆਂ ਗਲਾਂ ਇਸ ਨੂੰ ਸੁਤੇ ਸੁਭਾਵ ਹੀ ਸੁਫੁਰਨ ਹੋਣ ਲਗ ਪਈਆਂ । ਉਠਦਾ, ਬੈਠਦਾ, ਤੁਰਦਾ ਫਿਰਦਾ ਹਰ ਛਿਨ ਹੀ ਇਹ ਪਿਆਰਾ ਅਖੰਡਾਕਾਰ ਅਭਿਆਸ ਡੇ ਰੰਗਾਂ ਵਿਚ ਸੰਪੂਰਤ ਰਹਿੰਦਾ ਸੀ । ਕਿਸੇ ਨੂੰ ਜਾਨਾਉਣ ਦਾ ਕੁਛ ਖਿਆਲ ਨਹੀਂ ਸੀ, ਨ ਕੋਈ ਇਸ ਦੀ ਵਡਿਆਈ ਉਪਮਾ ਕਰਦਾ ਸੀ ਅਤੇ ਨ ਹੀ ਇਸ ਨੂੰ ਵਡਿਆਈ ਉਪਮਾ ਕਰਾਉਣ ਦਾ ਭੁਸ ਹੀ ਸੀ । ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸਾਰੇ ਸਿੰਘਾਂ ਨੂੰ ਇਸ਼ਨਾਨ ਕਰਵਾਣੇ, ਪਿਛੋਂ ਆਪ ਇਸ਼ਨਾਨ ਕਰਨਾ । ਫੇਰ ਇਕ ਗੁਠੇ ਬੈਠ ਕੇ ਗੁਪਤੋ ਗੁਪਤ ਹੀ ਬਾਣੀ ਦਾ ਨਿਤਨੇਮ ਸੁਣਨਾ, ਨਾਲੋ ਨਾਲ ਹੀ ਸਵਾਸ ਸਵਾਸ ਨਾਮ ਅਭਿਆਸ ਕਰੀ ਜਾਣਾ, ਇਹ ਇਸ ਦਾ ਨਿਤ ਦਾ ਕੰਮ ਸੀ । ਅਸੀਂ ਕਦੇ ਇਸ ਨੂੰ ਸੌਂਦਾ ਨਹੀਂ ਦੇਖਿਆ । ਸਤਸੰਗਤ ਬਿਨਾਂ ਕੁਸੰਗਤ ਵਿਚ ਭੌਂਦਾ ਨਹੀਂ ਦੇਖਿਆ । ਇਕੋ ਵਿਚਾਰ ਇਸ ਦਾ ਨਾਮ ਸੇਵਾ ਦੀ ਕਾਰ ਹੀ ਸੀ, ਅਖੰਡ ਪਾਠ ਸਮਾਗਮਾਂ ਅੰਦਰ ਜਿਨਾਂ ਚਿਰ ਲੰਗਰ ਦੀ ਸੇਵਾ ਰਹਿਣੀ ਉਨਾਂ ਚਿਰ ਲੰਗਰ ਵਿਚ ਹੀ ਇਸ ਨੇ ਰਹਿਣਾ । ਹੱਥ ਪੈਰ ਸੇਵਾ ਵਿਚ ਲਗੇ ਰਹਿਣਾ, ਸ੍ਰਵਣਾਂ ਕਰਕੇ ਸਰੋਤ ਸੁਰਤੀ ਅਖੰਡ ਪਾਠ ਦੇ ਸੁਣਨ ਵਿਚ ਹੀ ਲਗੀ ਰਹਿਣੀ । ਜਦੋਂ ਲੰਗਰ ਦਾ ਕੰਮ ਕਾਜ ਮੁਕ ਜਾਣਾ ਤਾਂ ਨਿਰੋਲ ਸਮਾਧ ਸਥਿਤ ਹੋ ਕੇ ਅਖੰਡ ਪਾਠ ਮੰਡਲ ਦੇ ਸਰੋਤਿਆਂ ਵਿਚ ਜੁੜ ਕੇ ਬੈਠ ਜਾਣਾ, ਬੈਠਣਾ ਐਸੀ ਜਗਾ ਤੇ ਜਿਥੇ ਆਮ ਜਨਤਾ ਦੀ ਨਿਗਾਹ ਨਾ ਪੈ ਸਕੇ । ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਹ ਐਵੇਂ ਹੀ ਔਲਾ ਮੌਲਾ ਸਿਖ ਹੀ ਜਾਪਦਾ ਸੀ । ਰਤਨ ਜਵਾਹਰਾਂ ਦੀ ਸਾਰ ਜੌਹਰੀ ਹੀ ਜਾਣਦੇ ਹਨ । ਆਮ ਅਣਜਾਣਾਂ ਨੂੰ ਕੀ ਪਤਾ । ਨਿਹਕਾਮ ਹੋ ਕੇ ਸੇਵਾ ਕਰਨ ਦਾ ਅਤੇ ਨਿਹਕਾਮ ਸੇਵਾ ਦੇ ਕਾਰਣ ਨਾਮ ਦੀਆਂ ਅਤਿ ਚੜ੍ਹਦੀਆਂ ਕਲਾਂ ਦੇ ਹੋਣ ਦਾ ਪਰਤਾਪ ਇਹ ਵਰਤਿਆ ਕਿ ਰਿਧੀ ਸਿਧੀ ਫੁਰਨ ਦਾ ਨਾ ਹੀ ਇਸਨੂੰ ਗਰਬ ਗੁਮਾਨ ਸੀ, ਨਾ ਹੀ ਕਿਸੇ ਹੋਰ ਨੂੰ ਕੁਝ ਪਤਾ ਸੀ । ਹੋਰ ਤਾਂ ਹੋਰ ਇਸ ਦਾਸਰੇ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਇਹ ਕਿਹੜੀਆਂ ਗੁਪਤ ਖੇਡਾਂ ਵਿਚ ਖੇਡਦਾ ਸੀ ।

ਇਕ ਦਿਨ ਇਸ ਗੁਪਤ ਖੇਡ ਦਾ ਸੁਤੇ ਹੀ ਪਤਾ ਲਗ ਗਿਆ ਅਤੇ ਉਹ ਇਉਂ ਲਗਾ:–ਕਿ ਜੇਠ ਹਾੜ ਦੇ ਦਿਨਾਂ ਵਿਚ ਸਾਰੇ ਜਥੇ ਨੇ ਨਾਭੇ ਤੋਂ ਹੋ ਕੇ ਇਕ ਪਿੰਡ ਵਿਖੇ ਕਿਸੇ ਗੁਰਮੁਖ ਦੇ ਗਰਿਹ ਵਿਚ ਰਖੇ ਅਖੰਡ ਪਾਠ ਤੇ ਜਾਣ ਦੀ ਤਿਆਰੀ ਕੀਤੀ । ਨਾਲ ਇਹ ਵੀਰ ਭਾਈ ਸਰਵਣ ਸਿੰਘ ਸਵਰਨ ਰੰਗੀ ਵੀ ਤਿਆਰ ਹੋ ਪਿਆ ! ਦਾਸ ਦੇ ਦਸਤਾਰਾ ਸਜਾਂਵਦੇ ਸਜਾਂਵਦੇ ਇਹ ਮੰਜੇ ਤੇ ਬੈਠਾ ਬੈਠਾ ਠੌਂਕਾ ਲਾਣ ਲਗ ਪਿਆ ਐਵੇਂ ਤੁਰਦਾ ਫਿਰਦਾ ਹੀ ਕਿਧਰੇ ਅੱਖ ਲਾ ਜਾਂਦਾ ਸੀ ਅਜੇ ਪੰਜ ਦਸ ਮਿੰਟ ਹੀ ਹੋਏ ਸਨ ਕਿ ਵਾਹਿਗੁਰੂ ਵਾਹਿਗੁਰੂ ਕਰਦਾ ਅਬੜਵਾਹੇ ਉਠਿਆ ਤੇ ਉਠ ਖਲੋਤਾ ਹੋਇਆ । ਇਸ ਦੇ ਚੇਹਰੇ ਉਤੇ ਹੈਰਾਨਗੀ ਅਤੇ ਪਰੇਸ਼ਾਨਗੀ ਦੇ ਚਿੰਨ੍ਹ ਦੇਖ ਕੇ ਦਾਸ ਨੇ ਇਸ ਨੂੰ ਪੁਛਿਆ ਕਿ ਭਾਈ ਸਰਵਣ ਸਿੰਘ ਜੀ, ਕੀ ਕੋਈ ਚਮਤਕਾਰ ਦੇਖਿਆ ਹੈ ? ਤਾਂ ਉਤਰ ਵਿਚ ਭੋਲੇ ਭਾ ਹੀ ਇਉਂ ਆਖਣ ਲਗਾ 'ਕਿ ਕੀ ਦਸਾਂ ਜੀ, ਐਸਾ ਚਮਤਕਾਰ ਦੇਖਿਆ ਹੈ ਕਿ ਇਕ ਜਗਾ ਅਖੰਡ ਪਾਠ ਹੋ ਰਿਹਾ ਹੈ । ਮੈਂ ਵੀ ਲੰਗਰ ਦੇ ਅਸਥਾਨ ਤੇ ਲੰਗਰ ਦੀ ਸੇਵਾ ਕਰ ਰਿਹਾ ਹਾਂ ਕਿ ਇਤਨੇ ਨੂੰ ਇਕ ਅਖੰਡ ਪਾਠੀ ਸਜਣ ਲੰਗਰ ਵਿਚ ਆਉਂਦਾ ਹੈ । ਮੈਨੂੰ ਤਾਂ ਉਹ ਤੁਹਾਡੇ ਵਰਗਾ ਹੀ ਜਾਪਦਾ ਹੈ । ਲੰਗਰ ਕੋਲ ਆਉਂਦੇ ਦੇ ਹੀ ਇਕ ਕੁਤੇ ਨੇ ਉਸ ਦੀ ਟੰਗ ਫੜ ਲਈ, ਐਸਾ ਦੰਦ



www.AKJ.Org

ਖੁਭੋਇਆ ਕਿ ਲਹੂ ਦੀ ਤਤੀਰੀ ਹੀ ਵਗਣ ਲਗ ਗਈ। ਮੈਂ ਹੀ ਕੁਤੇ ਨੂੰ ਲੱਕੜ ਮਾਰ ਕੇ ਹਟਾਇਆ ਇਹ ਵੇਖਣ ਸਾਰ ਹੀ ਮੇਰੀ ਅੱਖ ਖੁਲ ਗਈ। ਮੈਂ ਇਉਂ ਭਾਸਿਆ ਕਿ ਜਿਵੇਂ ਇਹ ਪਰਤਖ ਵਰਤਾਰਾ ਹੀ ਵਰਤਿਆ ਹੁੰਦਾ ਹੈ।' ਅਸੀਂ ਇਹ ਗਲ ਕਰਦੇ ਹੀ ਤੁਰ ਪਏ। ਸਾਰਾ ਜਥਾ ਹੀ ਪੈਦਲ ਤੁਰ ਪਿਆ ਨਾਭੇ ਤੋਂ ਛੇ ਸਤ ਕੋਸ ਦੇ ਫਾਸਲੇ ਤੇ ਉਹ ਪਿੰਡ ਸੀ, ਜਿਥੇ ਜਥੇ ਨੇ ਅਖੰਡ ਪਾਠ ਕਰਨ ਜਾਣਾ ਸੀ। ਜਾਂਣ ਸਾਰ ਅਖੰਡ ਪਾਠ ਦੇ ਤਿਆਰੇ ਅਰੰਭ ਦਿਤੇ ਅਖੰਡ ਕੀਰਤਨ ਅੰਮ੍ਰਿਤ ਵੇਲੇ ਹੋਏ। ਦੂਜੇ ਦਿਨ ਸਵੇਰੇ ਹੀ ਅਖੰਡ ਪਾਠ ਆਰੰਭੇ ਗਏ। ਮੈਂ ਖੁਦ ਅਖੰਡ ਪਾਠ ਕਰ ਰਿਹਾ ਸਾਂ। ਦੂਜੇ ਪਾਠੀ ਨੇ ਆ ਕੇ ਮੈਨੂੰ ਬਦਲ ਦਿਤਾ। ਲੰਗਰ ਵਿਚ ਕੁਛ ਗਫੇ ਲਾਉਣ ਲਈ ਜਾਣ ਦਾ ਮੈਨੂੰ ਇਸ਼ਾਰਾ ਹੋਇਆ, ਬਾਣੀ ਦੇ ਰੰਗ ਚਲੂਲੇ ਚੜ੍ਹੇ ਹੋਏ ਸਨ। ਨਾਮ ਦੀ ਲਟਕ ਵਿਚ ਝੂਲਦਾ ਹੋਇਆ, ਅਧ-ਮੀਟੀਆਂ ਅੱਖਾਂ ਨਾਲ ਪਊਏ ਪਾ ਕੇ ਮੈਂ ਲੰਗਰ ਵਲ ਜਾ ਰਿਹਾ ਸਾਂ। ਅਗੇ ਲੰਗਰ ਦੇ ਐਨ ਕਰੀਬ ਹੀ ਇਕ ਪੱਕਾ ਥਮਲਾ ਸੀ, ਥਮਲੇ ਦੇ ਓਹਲੇ ਇਕ ਕੁਤਾ ਬੈਠਾ ਹੋਇਆ ਸੀ ਜਿਸ ਦਾ ਮੈਨੂੰ ਕੋਈ ਪਤਾ ਨਹੀਂ ਸੀ, ਅਜਾਣੇ ਹੀ ਮੇਰੇ ਪੈਰ ਦਾ ਪਊਆ ਉਸ ਦੇ ਪੌਂਚੇ ਉਪਰ ਟਿਕ ਗਿਆ ਅਤੇ ਕੁਤੇ ਨੇ ਮੇਰਾ ਗਿਟਾ ਮੂੰਹ ਨਾਲ ਆ ਫੜਿਆ, ਐਸੇ ਦੱਬ ਕੇ ਦੰਦ ਮਾਰੇ ਕਿ ਲਹੂ ਦੀ ਤਤੀਰੀ ਵਗ ਤੁਰੀ। ਚੁਲ੍ਹੇ ਕੋਲ ਬੈਠੇ ਲੰਗਰ ਸਜਾ ਰਹੇ ਉਸੇ ਭਾਈ ਸਰਵਣ ਸਿੰਘ ਨੇ ਲਕੜੀ ਚੁਕ ਕੇ ਮਾਰੀ ਤਾਂ ਕੁਤੇ ਨੇ ਮੇਰੀ ਟੰਗ ਛਡੀ। ਪਰ ਮੈਨੂੰ ਕੋਈ ਦਰਦ ਨਹੀਂ ਜਾਪਿਆ, ਕੁਛ ਦੁਖ ਦਰਦ ਨਹੀਂ ਪ੍ਰਤੀਤ ਹੋਇਆ। ਉਧਰ ਲਹੂ ਦੀ ਤਤੀਰੀ ਪੈਂਦੀ ਹੈ, ਉਧਰ ਮੇਰੀ ਜ਼ਬਾਨ ਤੋਂ ਵਾਹੋ ਦਾਹ ਇਹ ਅਵਾਜ਼ੇ ਨਿਕਲ ਰਹੇ ਹਨ ਤੇ ਬੜੀ ਖੁਸ਼ੀ ਭਰੇ ਵਾਜੇ ਨਿਕਲ ਰਹੇ ਹਨ:—'ਸਿੰਘ ਦਾ ਸੁਪਨਾ ਪੂਰਾ ਹੋ ਗਿਆ, ਵਾਹ! ਵਾਹ! ਖੂਬ ਚਮਤਕਾਰ ਪੂਰਾ ਹੋਇਆ!!' ਕਿਉਂਕਿ ਕਲ ਵਾਲੀ ਸੱਜਰੀ ਵਾਰਤਾ ਮੈਨੂੰ ਯਾਦ ਸੀ, ਮੈਂ ਪੁਕਾਰਨੋਂ ਨ ਰਹਿ ਸਕਿਆ। ਪਰ ਬੜੇ ਅਨੂਪਮ ਭਾਣੇ ਦੀ ਗਲ ਇਹ ਹੋਈ ਕਿ ਭਾਈ ਸਰਵਣ ਸਿੰਘ ਨੂੰ ਇਹ ਵਾਰਤਾ ਉੱਕੀ ਹੀ ਵਿਸਰ ਗਈ। ਸਿੰਘ ਮੈਨੂੰ ਪੁਛਣ ਕਿ ਕਿਹੜਾ ਸੁਪਨਾ ਸਚ ਹੋ ਗਿਆ, ਕੀ ਚਮਤਕਾਰ ਦੇਖਿਆ ਪੂਰਾ ਹੋਇਆ ਦਸਦੇ ਹੋ? ਮੈਂ ਉਤਰ ਦਿਤਾ ਕਿ ਕਹਿਣ ਕਥਨ ਦੀ ਗਲ ਹੀ ਕੁਛ ਨਹੀਂ ਹੈ। ਚਲੋ ਵਖਰੇ ਚਲ ਕੇ ਦਸਦੇ ਹਾਂ। ਨਾਲੇ ਤੇ ਮੇਰਾ ਜ਼ਖ਼ਮ ਬੰਨ੍ਹਣ ਵਾਸਤੇ ਸਿੰਘ ਤੁਰ ਪਏ, ਨਾਲੇ ਵਖਰੇ ਹੋ ਕੇ ਮੇਰੇ ਪਾਸੋਂ ਅਸਲ ਗਲ ਪੁਛਣ ਲਈ ਤਤਪਰ ਹੋ ਗਏ। ਭਾਈ ਸਰਵਣ ਸਿੰਘ ਜੀ ਤੋਂ ਲਾਂਭੇ ਹੋ ਮੈਂ ਸਾਰੀ ਗਲ ਦਸੀ ਤੇ ਇਹ ਵੀ ਨਾਲ ਤਾਕੀਦ ਕਰ ਦਿਤੀ ਕਿ ਇਸ ਭੋਲੇ ਵੀਰ ਨੂੰ ਪਤਾ ਨ ਲਗੇ, ਇਹ ਭੋਲੇ ਭਾ ਰਹੇ ਤਾਂ ਠੀਕ ਹੈ। ਇਸ ਦੇ ਮੂੰਹ ਤੇ ਕੋਈ ਗੱਲ ਨਹੀਂ ਕਰਨੀ। ਇਸਨੂੰ ਗੁਪਤ ਰੰਗ ਵਿਚ ਹੀ ਖੇਡਣ ਦਿਓ। ਸੋਰਮ ਸੋਰੀ ਹੁੰਦੇ ਹੋਏ ਇਸ ਗੱਲ ਦਾ ਹੌਲੀ ਹੌਲੀ ਸਾਰੇ ਜਥੇ ਨੂੰ ਪਤਾ ਲਗ ਗਿਆ। ਫਿਰ ਤਾਂ ਲਗੇ ਉਹਨਾਂ ਦੀ ਸਾਰੇ ਕਦਰ ਕਰਨ। ਪਰ ਕਿਸੇ ਦੀ ਇਹ ਜੁਰਅਤ ਨਹੀਂ ਪਈ ਕਿ ਵੀਰ ਸਰਵਣ ਸਿੰਘ ਜੀ ਨੂੰ ਅਸਲੀ ਗਲ ਦਾ ਪਤਾ ਦੇਣ। ਗੁਰੂ ਘਰ ਦੀ ਇਹੀ ਤਾਂ ਗੌਰਵਤਾ ਹੈ ਕਿ ਗਹਿਰ ਗੰਭੀਰ ਆਤਮ ਅਵਸਥਾ ਨੂੰ ਅਪੜੇ ਹੋਏ ਸਿੰਘ ਅਲਖ ਨੂੰ ਲਖਦੇ ਹੋਏ ਵੀ ਅਜਰ ਨੂੰ ਜਰਨ ਦੀ ਜੀਰਾਂਦ ਰਖਦੇ ਹਨ। ਸੁਤੇ ਹੀ ਜਾਣਕਾਰੀਆਂ ਦੀ ਇਹ ਜਾਣਤਾ ਬਣਾਉਂਦੀ ਹੈ। ਉਹ ਬਫਾਵਣੇ ਹੀ ਨਹੀਂ ਪਾਉਂਦੇ, ਨ ਹਉਮੈਂ ਦੇ ਪਠੇ ਉਹਨਾਂ ਨੂੰ ਪੈਂਦੇ ਹਨ, ਨ ਉਹ ਹਉਮੈਂ ਵਿਚ ਆਫਰਦੇ ਹਨ। ਇਸ ਔਲੇ ਮੌਲੇ ਸੂਧੇ ਸਾਦੇ ਵੀਰ ਸਰਵਣ ਸਿੰਘ ਨੂੰ ਦੇਖ ਕੇ ਕਿਸੇ ਨੂੰ ਵੀ ਇਹ ਯਕੀਨ ਨਹੀਂ ਆ ਸਕਦਾ ਸੀ ਕਿ ਐਸੇ ਉਤਮ ਪੌੜੇ ਨੂੰ ਪਹੁੰਚੇ ਹੋਏ ਹਨ। ਸਹਿਜ ਸਰਲਤਾ ਇਹ ਲਖਸ਼ ਗੁਰੂ ਘਰ ਦੇ ਨਿਰਮਾਣ ਤੇ ਨਿਰਬਾਣ ਪਦ ਨੂੰ ਪਹੁੰਚੇ ਹੋਏ ਗੁਰਮੁਖ ਸਿੰਘ ਸਜਣ ਅੰਦਰ ਪੇਖਣ ਵਿਚ ਆਇਆ ਹੈ। ਬਸ ਨਮੂਨੇ ਮਾਤਰ ਇਸ ਵੀਰ ਪਰਥਾਇ ਇਹੀ ਉਦਾਹਰਣ ਕਾਫ਼ੀ ਹੈ। ਗੁਪਤ ਗੋਝਿਆਂ ਦੇ ਗੁਪਤ ਗੋਝ ਗੁਣਾਂ ਦਾ ਪਾਰਾਵਾਰ ਕੀ ਪਾਇਆ ਜਾ ਸਕਦਾ ਹੈ। ਥੋੜ੍ਹੇ ਦਿਨਾਂ ਪਿਛੋਂ ਹੀ



www.AKJ.Org

ਅਸੀਂ ਤਾਂ ਜੇਹਲਾਂ ਅੰਦਰ ਡਕੇ ਗਏ ਤੇ ਅਜਿਹੇ ਗੁਰਸਜਣਾਂ ਨੂੰ ਅਸੀਂ ਪਿਛੇ ਹੀ ਛਡ ਗਏ। ਸਾਨੂੰ ਪਤਾ ਨਹੀਂ ਕਿਥੇ ਕਿਥੇ ਤਿੱਤਰ ਬਿੱਤਰ ਹੋ ਗਏ ਤੇ ਸਵਰਨ ਰੰਗੀ ਭਾਈ ਸਰਵਣ ਸਿੰਘ ਜੀ ਕਿਧਰ ਪਧਾਰ ਗਏ। ਤਦ ਪਸਚਾਤ ਸਾਨੂੰ ਉਹ ਅਜ ਤਾਈਂ ਨਹੀਂ ਮਿਲੇ ਐਸਾ ਹੀ ਜਾਪਦਾ ਹੈ ਕਿ ਉਹ ਪਰਲੋਕ ਨੂੰ ਪਧਾਰ ਗਏ ਹੋਣਗੇ, ਨਹੀਂ ਤਾਂ ਜ਼ਰੂਰ ਮਿਲਦੇ। ਨਾ ਹੀ ਸਾਨੂੰ ਉਹਨਾਂ ਦੇ ਹੋਰ ਕਿਸੇ ਹਸਬ ਨਸਬ ਦਾ ਹੀ ਪਤਾ ਹੈ। ਬਸ ਕੇਵਲ ਉਪਰ ਅੰਕਰੀ ਯਾਦ ਹੀ ਸਾਡੇ ਸੀਨੇ ਅੰਦਰ ਉਕਰੀ ਰਹਿ ਗਈ ਹੈ। ਸੋ ਸਮਾਪਤੰ ਸੁਭਮ ਸਤ ਹੈ।

——

## ਪਤਾ ਦੇਣ ਦੀ ਖੇਚਲ ਕਰੋ

ਸ: ਭਗਤ ਸਿੰਘ ਸ਼ਾਹਜਹਾਨਪੁਰ ਵਾਲੇ ਸੂਚਨਾ ਦੇਂਦੇ ਹਨ ਕਿ ਸਾਡਾ ਇਕ ਮਿੱਤਰ, ਸਨਬੰਧੀ ਨਾਮ ਅਮਰੀਕ ਸਿੰਘ (ਬਾਂਹ ਤੇ ਪੰਜਾਬੀ ਵਿਚ ਬਾਬੂ ਸਿੰਘ ਲਿਖਿਆ ਹੋਇਆ ਹੈ) 5 ਮਹੀਨੇ ਤੋਂ ਘਰੋਂ ਚਲੇ ਗਏ ਹਨ। ਜੇਕਰ ਕਿਸੇ ਸਜਣ ਨੂੰ ਉਹਨਾਂ ਦਾ ਪਤਾ ਲਗੇ ਤਾਂ ਹੇਠ ਲਿਖੇ ਤੇ ਪਤਾ ਦੇਣ ਦੀ ਕਿਰਪਾ ਕਰਨ ਤੇ ਜੇ ਉਹ ਆਪ ਪੜ੍ਹਨ ਤਾਂ ਛੇਤੀ ਘਰ ਆ ਜਾਣ, ਬਜ਼ੁਰਗ ਪਿਤਾ ਤੇ ਘਰ ਦੇ ਸਾਰੇ ਜੀਅ ਬਹੁਤ ਹੀ ਦੁਖੀ ਤੇ ਪਰੇਸ਼ਾਨ ਹਨ।

ਪਤਾ—ਜਨਤਾ ਸਾਇਕਲ ਸਟੋਰ,
ਗੋਬਿੰਦ ਗੰਜ, ਸ਼ਾਹਜਹਾਨਪੁਰ।


ਸਦਾ ਯਾਦ ਰਖੋ!

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖ਼ਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*
*Large Sale & Less Profit is our Motto.*




www.AKJ.Org

# ਪੰਥ ਦੇ ਲੀਡਰਾਂ ਪ੍ਰਤੀ

(ਵਲੋਂ—ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ)

ਪੰਥ ਜਿਸ ਭਿਆਨਕ ਸਮੇਂ ਵਿਚੋਂ ਅੱਜ ਲੰਘ ਰਿਹਾ ਹੈ ਏਸ ਤੋਂ ਕੋਈ ਹਿੰਦੂ ਜਾਂ ਸਿਖ ਨਹੀਂ ਜੋ ਜਾਣੂੰ ਨਾ ਹੋਵੇ ਤੇ ਸੱਚੇ ਦਿਲੋਂ ਅਨੁਭਵ ਨਾਂ ਕਰਦਾ ਹੋਵੇ ਕਿ ਜੇ ਏਹੋ ਹਾਲ ਰਿਹਾ ਤਾਂ ਕੁਝ ਸਮੇਂ ਤਕ ਪੰਥ ਦੀ ਹਾਲਤ ਬਹੁਤ ਖਤਰਨਾਕ ਹੋ ਜਾਵੇਗੀ। ਲੋੜ ਹੈ ਪੰਥ ਵਿਚ ਜਜ਼ਬਾਤੀ ਜੋਸ਼ ਦੀ ਵੀ ਪਰ ਜੋਸ਼ੀਲੇ ਤੇ ਅਣਖੀਲੇ ਸਜਣ ਕਈ ਵਾਰ ਉਹ ਕੰਮ ਕਰ ਦੇਂਦੇ ਹਨ ਜਿਸ ਨਾਲ ਕਿਸੇ ਕਾਰਨ ਆਈ ਕਮਜ਼ੋਰੀ ਵਾਲਾ ਸਿਖ ਪੰਥ ਨਾਲੋਂ ਉਕਾ ਹੀ ਟੁਟ ਜਾਂਦਾ ਹੈ। ਏਸ ਗਲ ਦੀ ਉਹ ਸਜਣ ਵਿਚਾਰ ਕਰਨ ਕਿ ਜਿਸ ਪੰਥ ਦਾ ਧਰਮ ਸਰਬੱਤ ਦਾ ਭਲਾ ਮੰਗਣ ਵਾਲਾ ਹੋਵੇ ਤੇ ਮਜ਼ਲੂਮ ਦੁਸ਼ਮਨ ਦੇ ਮੂੰਹ ਵਿਚ ਵੀ ਪਾਣੀ ਪਾਏ, ਓਸ ਦੇ ਕਿਸੇ ਆਪਣੇ ਬੰਦੇ ਦੀ ਥੋੜੀ ਜੇਹੀ ਕਮਜ਼ੋਰੀ ਨਾਲ ਹੋਈ ਦਾ ਏਨਾ ਡੰਨ ਦੇਣਾ ਜੋ ਉਹ ਸੰਭਲ ਹੀ ਨਾ ਸਕੇ, ਸਗੋਂ ਹੋਰ ਡਿਗਦਾ ਡਿਗਦਾ ਕਿਸੇ ਖੱਡ ਵਿਚ ਹੀ ਡਿਗ ਪਵੇ, ਇਹ ਪੰਥ ਦੀ ਸੇਵਾ ਨਹੀਂ ਮੰਨੀ ਜਾ ਸਕਦੀ। ਲੋੜ ਤਾਂ ਹੈ ਸਗੋਂ ਕਿਸੇ ਕਮਜ਼ੋਰੀ ਵਿਚ ਆਏ ਸਿਖ ਨੂੰ ਬਚਾਉਣ ਦੀ। ਬਾਹੋਂ ਫੜ ਕੇ ਉਠਾਉਣ ਦੀ, ਇਹ ਹੈ ਸੱਚੀ ਪੰਥ ਸੇਵਾ, ਜਿਸ ਦੀ ਏਸ ਵੇਲੇ ਅਤਿ ਲੋੜ ਹੈ। ਜੇਹੜੀ ਅਗੇ ਕਦੇ ਨਹੀਂ ਪਈ ਤੇ ਹੁਣ ਹੋਰ ਕੋਈ ਰਸਤਾ ਵੀ ਨਹੀਂ ਏਸ ਤੋਂ ਬਿਨਾਂ। ਆਪਣੇ ਜੋਸ਼ੀਲੇ ਵੀਰਾਂ ਅਗੇ ਸਤਿਕਾਰ ਨਾਲ ਬੇਨਤੀ ਹੈ ਕਿ ਜ਼ਿੰਦਾਬਾਦ ਬੜੀ ਚੰਗੀ ਗਲ ਹੈ ਕਿਸੇ ਨੂੰ ਮੁਰਦਾਬਾਦ ਆਖਕੇ ਉਸ ਦਾ ਦਿਲ ਨਾਂ ਤੋੜੋ, ਸਗੋਂ ਯਤਨ ਕਰੋ ਕਿ ਕੋਈ ਵੀਰ ਕਿਸੇ ਕਮਜ਼ੋਰੀ ਕਰਕੇ ਪੰਥ ਨਾਲੋਂ ਸਦਾ ਲਈ ਟੁਟ ਨਾਂ ਜਾਏ, ਸਗੋਂ ਹਰ ਵਿਛੜੇ ਵੀਰ ਨੂੰ ਗੁਰੂ ਕੇ ਝੰਡੇ ਹੇਠ ਇਕਤਰ ਕੀਤਾ ਜਾਏ ਤੇ ਜਥੇਬੰਦੀ ਸਾਡੀ ਆਦਰਸ਼ਕ ਹੋਵੇ।

ਦੂਜੇ ਪਾਸੇ ਉਹ ਸਜਣ ਹਨ ਜਿਨ੍ਹਾਂ ਨੇ ਕਿਸੇ ਵੇਲੇ ਕਿਸੇ ਰੂਪ ਵਿਚ ਕਿਸੇ ਤਰ੍ਹਾਂ ਦੀ ਪੰਥ ਸੇਵਾ ਕੀਤੀ ਹੈ ਪਰ ਅਜ ਉਹ ਕਿਸੇ ਕਮਜ਼ੋਰੀ ਕਰਕੇ ਹੋਰ ਸੇਵਾ ਨਹੀਂ ਕਰ ਸਕਦੇ; ਅੰਦਰ ਖਿਚ ਹੈ, ਪਿਆਰ ਹੈ, ਸੇਵਾ ਦਾ ਚਾਉ ਹੈ, ਪਰ ਕਰ ਕੁਝ ਨਹੀਂ ਸਕਦੇ। ਚੰਗਾ ਹੁੰਦਾ ਉਹ ਕੀਤੀ ਸੇਵਾ ਦਾ ਮਾਨ ਸੰਭਾਲ ਰਖਦੇ ਤਾਂ ਜੋ ਉਹਨਾਂ ਦੇ ਪੁਤਰ ਪੋਤਰੇ ਕਦੇ ਮਾਣ ਕਰ ਸਕਦੇ। ਪਰ ਅਜ ਉਹ ਆਪਣੀ ਸੇਵਾ ਕੀਤੀ ਨੂੰ ਬੜੇ ਥੋੜੇ ਮੁਲ ਤੋਂ ਵੇਚ ਰਹੇ ਹਨ। ਜਦਕਿ ਓਸ ਸੇਵਾ ਦਾ ਮੁਲ ਪੰਥ ਕੋਲੋਂ ਏਸ ਨਾਜ਼ਕ ਵੇਲੇ ਮੰਗ ਰਹੇ ਹਨ। ਉਹਨਾਂ ਤੇ ਤਰਸ ਆਉਂਦਾ ਹੈ ਕਿ ਏਡੀਆਂ ਵਡੀਆਂ ਸੇਵਾਂ ਨੂੰ ਓਹ ਭੰਗ ਦੇ ਭਾੜੇ ਕਿਉਂ ਗਵਾ ਰਹੇ ਹਨ। ਅਜ ਪੰਥ ਕੋਲੋਂ ਕਿਸੇ ਕੀਤੀ ਸੇਵਾ ਦਾ ਮੁੱਲ ਪਵਾਨ ਯੋਗ ਨਹੀਂ। ਥੋੜਾ ਜਿਹਾ ਜੇਰਾ ਕਰਨਾ ਤੇ ਚੁਪ ਰਹਿਣਾ ਹੀ ਏਸ ਵੇਲੇ ਵਡੀ ਸੇਵਾ ਹੈ। ਪੰਥ ਬਖਸਿੰਦ ਹੈ, ਕੀਤੀ ਨੂੰ ਸਕਾਰਨ ਵਾਲਾ ਹੈ, ਕਿਸੇ ਦੀ ਘਾਲ ਨਹੀਂ ਗੁਵਾਂਦਾ। ਪੰਥ ਦਾ ਬਿਰਦ ਹੈ ਦੀਨ ਰਖਿਆ; ਉਸ ਪੰਥ ਦੇ ਕਿਸੇ ਬੰਦੇ ਨੂੰ ਇਹ ਨਹੀਂ ਸ਼ੋਭਦਾ, ਜੋ ਪੰਥ ਤੇ ਬਣੀ ਭੀੜ ਵੇਲੇ ਪੀੜ ਵੰਡਾਨ ਦੀ ਥਾਂ ਉਸ ਨੂੰ ਹੋਰ ਦੁਖੀ ਕਰੇ। ਤਾਂ ਤੇ ਉਹਨਾਂ ਸਜਣਾਂ ਦਾ ਫਰਜ਼ ਹੈ ਕਿ ਆਪ ਸੋਚ ਸਮਝ ਕੇ ਚਲਣ ਜਨਮ ਮਨੁਖਾ ਲਾਲ ਅਮੋਲਕ ਭਾਗਾਂ ਨੂੰ ਹੱਥ ਆਇਆ ਹੈ। ਫਿਰ ਕਰਤੇ ਨੇ ਕ੍ਰਿਪਾ ਕਰ ਗੁਰੂ ਨਾਨਕ ਦੇ ਲੜ ਲਾਇਆ, ਤਾਂ ਤੇ ਆਵੋ ਰਲ ਕੇ ਸਾਰੇ ਉਸ ਦਾ ਸ਼ੁਕਰ ਮਨਾਈਏ ਤੇ ਰਲ ਕੇ ਓਹ ਜਤਨ ਕਰੀਏ ਜਿਸ ਨਾਲ ਸਾਡੀ ਜਥੇਬੰਦੀ ਇਕ ਹੋਵੇ, ਨਾਮ ਬਾਣੀ ਦਾ ਪਿਆਰ ਵਧੇ ਤੇ ਜਗਤ ਭਲਾ ਕਰਦਿਆਂ ਅਸੀਂ ਆਪਣਾ ਜਨਮ ਭੀ ਸਫਲਾ ਕਰ ਜਾਈਏ।



www.AKJ.Org

# ਗੁਰਿਆਈ ਗੁਰਪੁਰਬ ਮਨਾਉਣ ਦਾ ਫ਼ੈਸਲਾ

ਮਿਤੀ 6.8.70 ਨੂੰ ਗੁਰਸਿਖ ਵਾੜੀ ਦੇ ਮੈਂਬਰਾਂ ਦੀ ਮੀਟਿੰਗ ਜਥੇਦਾਰ ਗੁਰਬਖਸ਼ ਸਿੰਘ ਜੀ ਦੀ ਪ੍ਰਧਾਨਗੀ ਹੇਠ, ਪ੍ਰੋਫੈਸਰ ਅਰਜਨ ਸਿੰਘ ਜੀ ਦੇ ਗ੍ਰਹਿ ਵਿਖੇ ਹੋਈ। ਇਸ ਮੀਟਿੰਗ ਵਿਚ ਪ੍ਰੋਫੈਸਰ ਤਨਜੀਤ ਸਿੰਘ ਜੀ, ਪ੍ਰੋਫੈਸਰ ਕਰਤਾਰ ਸਿੰਘ ਜੀ, ਸ: ਸੁਰਿੰਦਰ ਸਿੰਘ, ਗਿਆਨ ਸਿੰਘ, ਅਰਜਨ ਸਿੰਘ ਚਾਵਲਾ, ਗੁਰਚਰਨ ਸਿੰਘ ਸਾਹਨੀ, ਸ੍ਰੀ ਬਾਬੂ ਰਾਮ, ਸ: ਭਗਵਾਨ ਸਿੰਘ ਮੁਲਤਾਨੀ ਆਦਿ ਨੇ ਹਿੱਸਾ ਲਿਆ। ਗੁਰਸਿਖ ਵਾੜੀ ਦੇ ਮੈਂਬਰਾਂ ਨੇ ਫੈਸਲਾ ਕੀਤਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਿਆਈ ਗੁਰਪੁਰਬ ਮਿਤੀ 31 ਅਕਤੂਬਰ ਤੇ 1 ਨਵੰਬਰ 1970 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਵੇ। 31 ਅਕਤੂਬਰ 1970 ਨੂੰ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਜਾਵੇ ਤੇ 1 ਨਵੰਬਰ ਨੂੰ ਅੰਮ੍ਰਿਤ ਵੇਲੇ ਸ੍ਰੀ ਪਾਲਕੀ ਸਾਹਿਬ ਦਾ ਜਲੂਸ ਕਢਿਆ ਜਾਵੇ ਤੇ ਰਾਤ ਨੂੰ ਕੀਰਤਨ ਦਰਬਾਰ ਕੀਤਾ ਜਾਵੇ।

ਪਟਿਆਲੇ ਵਿਚ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ

ਗੁਰੂ ਨਾਨਕ ਸਤਿਸੰਗ ਸਭਾ ਪਟਿਆਲਾ ਵਲੋਂ ਪਹਿਲੀ ਵੇਰ ਗੁਰਦਵਾਰਾ ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰਾ ਬਜ਼ਾਰ ਪਟਿਆਲਾ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸ਼ਵ ੬ ਸਿਤੰਬਰ ੧੯੭੦ ਦਿਨ ਐਤਵਾਰ ਉਚੇਚੇ ਪੱਧਰ ਤੇ ਸਵੇਰੇ ੫ ਤੋਂ ੧੧ ਵਜੇ ਤਕ ਅਤੇ ਸ਼ਾਮ ਨੂੰ ੭ ਵਜੇ ਤੋਂ ਰਾਤ ੧੧ ਵਜੇ ਤਕ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

ਇਨ੍ਹਾਂ ਸਮਾਗਮਾਂ ਵਿਚ ਗੁਰੂ ਕੇ ਪ੍ਰਸਿਧ ਢਾਡੀ ਭਾਈ ਮਹਿੰਦਰ ਸਿੰਘ ਜੀ (ਅਖੰਡ ਕੀਰਤਨੀ ਜੱਥਿਆਂ ਸਮੇਤ), ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਸ਼ਾਮ ਨੂੰ ਵਿਸ਼ੇਸ਼ ਪ੍ਰਕਰਣ 'ਪੋਥੀ ਪਰਮੇਸਰ ਕਾ ਥਾਨ' ਤੇ ਕੀਰਤਨ ਕਰ ਕੇ ਹਰਿਜਸ ਦੀਆਂ ਘੁੰਮਰਾਂ ਪਾਣਗੇ।

ਇਸ ਸਮੇਂ ਤੇ ਸ੍ਰੀਮਾਨ ਸੰਤ ਗੁਰਮੁਖ ਸਿੰਘ ਜੀ ਪਟਿਆਲਾ, ਪ੍ਰਸਿਧ ਬੁਲਾਰੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਜਮਨਾ ਨਗਰ, ਗਿਆਨੀ ਹਰਭਗਤ ਸਿੰਘ ਜੀ ਨਾਰੰਗਵਾਲ ਉਚੇਚੇ ਤੌਰ ਤੇ ਦਰਸ਼ਨ ਦੇ ਰਹੇ ਹਨ। ਸੰਗਤਾਂ ਹੁਮ ਹੁਮਾ ਕੇ ਪੁਜਣ ਤੇ ਸਤਿਗੁਰੂ ਸਚੇ ਪਾਤਸ਼ਾਹ ਦੀਆਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਪ੍ਰਾਪਤ ਕਰਨ।

## ਆਉਂਦੇ ਅਖੰਡ ਕੀਰਤਨ ਸਮਾਗਮ

ਪਟਿਆਲੇ ਵਿਚ

—ਹਰ ਬੁਧਵਾਰ ਸ਼ਾਮ ਨੂੰ 8 ਤੋਂ 10 ਵਜੇ ਤਕ ਗੁਰਦਵਾਰਾ ਕਲਗੀਧਰ ਸਭਾ, ਧੋਬੀ ਘਾਟ, ਪਟਿਆਲਾ ਵਿਖੇ।

—ਹਰ ਸ਼ੁਕਰਵਾਰ ਸ਼ਾਮ ਨੂੰ 8 ਤੋਂ 10 ਵਜੇ ਤਕ, ਗੁਰਦਵਾਰਾ ਰਾਜਪੁਰਾ ਰੋਡ ਕਾਲੋਨੀ ਪਟਿਆਲਾ ਵਿਖੇ।

—ਹਰ ਉਸ ਐਤਵਾਰ ਨੂੰ ਜਦੋਂ ਜਥੇ ਦਾ ਪ੍ਰੋਗਰਾਮ ਬਾਹਰ ਜਾਂ ਕਿਧਰੇ ਹੋਰ ਨ ਹੋਵੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਵਿਖੇ ਹੋਇਆ ਕਰੇਗਾ ਜਿਸ ਸਬੰਧੀ ਸਮੇਂ ਸਿਰ ਸੰਗਤਾਂ ਨੂੰ ਦਸਿਆ ਜਾਇਆ ਕਰੇਗਾ।

—ਹਰ ਐਤਵਾਰ ਨੂੰ (ਜਦੋਂ ਜਥਾ ਪਟਿਆਲੇ ਵਿਚ ਹੋਵੇ) ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਵਿਖੇ ਸੂਰਜ ਪ੍ਰਕਾਸ਼ ਦੀ ਕਥਾ ਤੋਂ ਉਪ੍ਰੰਤ ਕੀਰਤਨ ਹੋਇਆ ਕਰੇਗਾ।

## ਸੂਚਨਾ

ਗੁਰ ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ ਹੈ ਕਿ ਪੂਰਨ ਜੀ ਦੀ ਤਬਦੀਲੀ ਕਰਨਾਲ ਤੋਂ ਦਿਲੀ ਦੀ ਹੋ ਗਈ ਹੈ। ਸਬੰਧਤ ਸਜਣ ਹੇਠ ਲਿਖੇ ਤੇ ਚਿਠੀ ਪੱਤਰ ਕਰਨ। ਓਲਡ ਰਾਜਿੰਦਰ ਨਗਰ, 33/23, ਨਵੀਂ ਦਿਲੀ।



www.AKJ.Org

# ਬ੍ਰਹਮ-ਵਿਚਾਰ ਦੇ ਰੰਗ

(ਵਲੋਂ :—ਗਿਆਨੀ ਦਲਜੀਤ ਸਿੰਘ 'ਕਮਲ' ਦਿਲੀ)

ਵੈਸੇ ਤਾਂ ਸਾਧਾਰਨ ਤੋਂ ਸਾਧਾਰਨ ਕੰਮ ਕਰਨ ਲਈ ਵੀ ਪਲ ਪਲ ਤੇ ਵੀਚਾਰ ਦੀ ਲੋੜ ਭਾਸਦੀ ਹੈ, ਪਰ ਬਬੇਕ-ਬੁਧੀ ਵਾਲੇ ਜੀਵਾਂ ਤੇ ਬ੍ਰਹਮ-ਵੀਚਾਰ ਦੀ ਅਵਸਥਾ ਦੇ ਮਾਲਕ ਬਣ, ਲਾਭ ਹੀ ਲਾਭ ਪਰਾਪਤ ਕਰਦੇ ਹਨ। ਵਿਦਵਾਨ-ਪੁਰਸ਼ ਵੀ ਜੇ ਵੀਚਾਰਵਾਨ ਨਾ ਹੋਵੇ ਤਾਂ ਉਸਦੀ ਵਿਦਿਆ ਕਿਸੇ ਲੇਖੇ ਨਹੀਂ। ਵਿਦਿਆ ਵੀਚਾਰਨ ਵਾਲਾ ਹੀ ਪਰਉਪਕਾਰੀ ਬਣ ਸਕਦਾ ਹੈ, ਤੇ ਇਹ ਸਮਝਦਾ ਹੈ ਕਿ ਜੀਵ ਵੀਚਾਰ ਦੀ ਸੂਝ ਤੋਂ ਬਿਨਾਂ ਪਸ਼ੂ ਦੀ ਨਿਆਈਂ ਹੀ ਹੈ। ਪੜ੍ਹਨ ਨਾਲ ਕੁਝ ਨਹੀਂ ਸਵਰਦਾ, ਜੇ ਤੱਤ-ਸਾਰ ਦੀ ਬੂਝ ਨਾ ਆਵੇ । ਪੜ੍ਹਿਆ-ਮਨੁਖ ਬਉਰਾ ਹੀ ਰਹਿੰਦਾ ਹੈ, ਜੇ ਉਸ ਦੀ ਵੀਚਾਰ ਕੰਮ ਨਾ ਕਰੇ।

ਵੀਚਾਰ ਇਕ ਉਹ ਅਮੋਲਕ ਦਾਤ ਹੈ, ਜਿਵੇਂ ਸੋਨੇ ਨੂੰ ਸੁਹਾਗਾ, ਜੋ ਸਾਰੀ ਮੈਲ ਕੱਟ ਕੇ ਉਸ ਦੀ ਤਾਬ ਵਿਚ ਖੇੜਾ ਪੈਦਾ ਕਰ, ਮਨ-ਮੋਹਿਤ ਧਾਤੂ ਕਰ ਦਿੰਦਾ ਹੈ। ਕੋਠਾਲੀ ਵਿਚੋਂ ਨਿਕਲ, ਸੁਹਾਗੇ ਦੀ ਪੁਠ ਪ੍ਰਾਪਤ ਕਰ, ਅਵਲ ਦਰਜੇ ਦੀ ਕੀਮਤ ਦਾ ਮਾਲਕ ਬਣ ਜਾਂਦਾ ਏ। ਇਸੇ ਤਰ੍ਹਾਂ ਜੇ ਜੀਵ ਵੀਚਾਰਵਾਨ ਬਣ ਜਾਏ, ਗੁਰ-ਸ਼ਬਦ ਦੀ ਸਾਰ-ਵਿਚਾਰ ਜਾਣ ਲਵੇ ਤੇ ਇਸ ਦੀ ਧਰਣ ਸੁਵੰਨੜੀ, ਅਤ-ਪਿਆਰੀ ਸੋਹਣੀ ਤੇ ਮਨਮੋਹਣੀ ਹੋ ਜਾਂਦੀ ਏ, ਅੰਗਣੇ ਭਾਗ ਲਗ ਜਾਂਦੇ ਹਨ । ਇਸ ਕਾਇਆਂ ਅੰਦਰ ਅਗੀਮੀ-ਰਸ ਨੂੰ ਮਾਨਣਹਾਰ ਹੀ ਜਾਣਦੇ ਨੇ ਕਿ ਬਬੇਕੀ-ਵੀਚਾਰਵਾਨ ਪੁਰਸ਼ ਜਾਂ ਇਸਤ੍ਰੀ ਦੇ ਹਿਰਦੇ ਅੰਦਰ ਕੀ–ਕੀ ਖੇੜੇ ਖਿੜਦੇ ਹਨ, ਗ਼ਮ ਸੰਸੇ ਫ਼ਿਕਰਾਂ ਵਿਚ ਵਿਸ਼ਿਆਂ ਤੇ ਨਸ਼ਿਆਂ ਵਿਚ ਕੁਠਾ, ਜੀਵ ਇਸ ਦੇ ਰੰਗ ਕਿਉਂ ਤੇ ਕਿਵੇਂ ਮਾਣੇ, ਉਹ ਕੀ ਜਾਣੇ ਇਸ ਬ੍ਰਹਮ-ਵੀਚਾਰ ਦੀ ਸਾਰ ਨੂੰ, ਇਸ ਨੂੰ ਤੇ ਗੁਰਮਤਿ ਗਾਡੀ ਰਾਹ ਤੇ ਚਲਣਹਾਰ ਹੀ ਜਾਣ ਸਕਦੇ ਹਨ। ਜੇ ਮਨੁਖ ਅੰਨ੍ਹੇ ਵਾਹ ਤੇ ਵੇ-ਪਰਵਾਹ ਹੋ ਕੇ ਹੀ ਤੁਰਿਆ ਜਾਵੇ ਤੇ ਉਹ ਭਲਾ ਕਿਵੇਂ ਜੀਵਨ-ਮੁਕਤ ਹੋ, ਮੰਜਾਵੇ ਚੋਲੇ ਨੂੰ ਰੰਗ ਚਾੜ੍ਹ ਸਕਦਾ ਹੈ ? ਸਚ ਪੁਛੋ, ਉਸ ਦਾ ਤੇ ਬਿਨ ਨਾਵੈ ਜੀਵਨ ਬਿਰਥਾ ਹੀ ਜਾ ਰਿਹਾ ਹੈ ਤੇ ਅਮੋਲਕ ਜਨਮ ਦੀ ਸਾਰ ਨਹੀਂ ਜਾਣੀ।

ਪੈਦਾ ਹੋਇਆ ਤੇ ਮਾਂ ਦੇ ਦੁਧ ਨਾਲ ਪਿਆਰ ਪਾ ਲਿਆ। ਫਿਰ ਮਾਂ ਪਿਉ ਨੂੰ ਵੇਖ ਵੇਖ ਖੁਸ਼ ਹੋਣ ਲਗਾ । ਅਗੇ ਚਲ ਮਿਠੀਆਂ-ਮਿਠੀਆਂ, ਤੋਤਲੀ ਜ਼ਬਾਨ ਨਾਲ ਗਲਾਂ ਮਾਰਨ ਲਗ ਪਿਆ ਅਤੇ ਰਿੜ੍ਹਨ ਤੋਂ ਤੁਰਨ ਦੀ ਅਵਸਥਾ ਤਕ ਖੇਲ-ਕੁਦ ਕੇ ਜਨਮ ਵਿਅਰਥ ਗਵਾਣ ਵਿਚ ਰੁਝ ਗਿਆ। ਥੋੜਾ ਅਗੇ ਚਲ, ਸੁਆਦਾਂ-ਰਸਾਂ ਵਿਚ ਰੀਝ ਗਿਆ । ਜਵਾਨ ਉਮਰ ਆਈ, ਸਿਰ ਤੇ ਕਾਮ ਸਵਾਰ ਹੋ ਗਿਆ। ਅਖਾਂ ਮੀਟ ਹੀ ਰਸਾਤਲ ਵਿਚ ਢਹਿ ਪਿਆ। ਐਸੇ ਕਰਮ ਚਿਤਵਦਾ ਹੈ, ਜਿਹਨਾਂ ਨਾਲ ਚੌਰਾਸੀ ਦਾ ਲੰਬਾ ਗੇੜ ਆਪਣੀ ਲਪੇਟ ਵਿਚ ਲੈ ਲੈਂਦਾ ਹੈ । ਇਹ ਜਨਮ ਅਕਾਰਥ ਹੀ ਢਲਦੇ ਪਰਛਾਵੇਂ ਵਾਂਗ ਢਲ ਜਾਂਦਾ ਹੈ। ਜੇ ਇਹ ਗ੍ਰਿਹਸਥੀ-ਜੀਵਨ ਧਾਰਨ ਕਰਦਾ ਹੈ ਤੇ ਇਹ ਨਹੀਂ ਸਮਝਦਾ ਕਿ ਗ੍ਰਿਹਿ ਵਿਚ ਕਿਵੇਂ ਧਰਮੀ ਬਣ ਕੇ ਜੀਵਨ ਗੁਜ਼ਰ ਕਰਨਾ ਹੈ,



www.AKJ.Org

ਜਾਂ ਵੈਰਾਗੀ ਬਣ, ਮਨ ਨੂੰ ਮਾਇਆ ਦੀ ਛਾਇਆ ਤੋਂ ਦੂਰ-ਰੱਖ, "ਗਿਆਨ ਗੁਰੂ ਆਤਮ ਉਪਦੇਸ਼" ਨੂੰ ਗ੍ਰਹਿਣ ਕਰਨਾ ਹੈ। ਇਹ ਤਾਂ ਸਗੋਂ ਲੰਬੀਆਂ ਆਸਾਂ ਦੇ ਜਾਲ ਵਿਚ ਫਸ ਕੇ ਮੇਰੀ-ਮੇਰੀ ਦੀ ਰਟ ਲਾ ਬੈਠਾ ਹੈ।

ਇਸ ਤਰ੍ਹਾਂ ਇਹ ਆਈ ਕਿਸ਼ੋਰ ਤੇ ਜਵਾਨੀ ਦੀ ਉਮਰ ਬਰਬਾਦ ਕਰ ਲੈਂਦਾ ਹੈ ਤੇ ਇਹ ਵੀ ਜੀਵ ਦਾ ਸਾਥ ਛਡ, ਲੰਬੀਆਂ ਲਾਂਘਾਂ ਭਰਦੀ, ਛਾਲਾਂ ਮਾਰਦੀ ਇਸ ਮਦਹੋਸ਼ ਨੂੰ ਪਿਛਾੜ ਕੇ ਅਗਾਂਹ ਲੰਘ ਜਾਂਦੀ ਹੈ।

ਤੇ ਇਸ ਜੀਵ ਦੇ ਪਲੇ ਰਹਿ ਗਏ—ਗ਼ਮ ਤੇ ਝੋਰੇ—ਨੈਣ ਦੀ ਜੋਤ ਘਟ ਜਾਂਦੀ ਏ, ਆਪਣੇ ਆਪ ਪਾਣੀ ਚਲ ਪੈਂਦਾ ਹੈ, ਕੇਸ ਕਾਲਿਆਂ ਤੋਂ ਚਿੱਟੇ ਹੋ ਜਾਂਦੇ ਹਨ, ਕੰਨ ਸੁਣਨ ਤੋਂ ਨਾਂਹ ਕਰ ਜਾਂਦੇ ਨੇ, ਜਿਹਬਾ ਵਿਚੋਂ ਸ਼ੁਧ ਬਚਨ ਹੀ ਨਹੀਂ ਨਿਕਲਦਾ, ਸਰੀਰ ਤੇ ਝੁਰੜੀਆਂ ਆ ਬੈਠਦੀਆਂ ਹਨ। ਰਾਗ-ਰੰਗ, ਰਸ-ਸਵਾਦ, ਜੋਬਨ, ਜਵਾਨੀ ਦੂਰ ਚਲੀ ਗਈ ਤੇ ਇਹ ਜੀਵ ਨਿਰਬਲ ਤੇ ਨਿਤਾਣਾ ਹੋ, ਪਸਚਾਤਾਪ ਕਰਦਾ ਹੈ, ਵੇਖਦਾ ਹੈ, ਕਿ ਮੇਰਾ ਰੂਪ, ਰੰਗ, ਰਸ-ਬਾਦ ਵੀ ਨਾ ਰਿਹਾ ਤੇ ਧਰਮ ਦੀ ਕਾਰ ਵੀ ਨਾ ਕੀਤੀ। ਪਰ ਹਾਏ, ਹੁਣ ਕੀ ਬਣੇ, ਚਿੜੀਆਂ ਖੇਤ ਹੀ ਚੁਗ ਗਈਆਂ, ਪਉੜੀ ਹਥੋਂ ਛੁੜਕ ਚੁਕੀ ਹੈ। ਜਨਮ ਵਿਅਰਥ ਹੋ ਚੁਕਾ ਹੈ, ਆਖ਼ਰੀ ਦਸਵੇਂ ਦੱਧਾ ਸੁਆਹ ਹੋ ਜਾਂਦਾ ਵੇ, ਖਾਕ ਦੀ ਢੇਰੀ ਪਈ ਰਹਿ ਗਈ। ਪਤਾ ਨਹੀਂ—ਕਲੋਲਾਂ ਕਰਨ ਵਾਲਾ ਪੰਖੀ ਕਿਧਰ ਉਡਾਰੀਆਂ ਮਾਰ ਤੁਰ ਗਿਆ। ਇਸੇ ਮਨੁਖ ਵਾਸਤੇ ਸਤਿਗੁਰੂ ਜੀ ਅੰਨੇ ਦਾ ਖ਼ਿਤਾਬ ਦੇਂਦੇ ਹਨ, ਕਿਉਂਕਿ ਹਥ ਅੰਦਰ ਦੀਵਾ ਫੜ ਕੇ ਵੀ ਟੋਏ ਵਿਚ ਡਿਗ ਪਿਆ। ਇਕ ਨਹੀਂ, ਸਗੋਂ ਬੇਅੰਤ ਹੀ ਜੀਵ ਆਏ, ਤੇ ਕਸਤੂਰੀ ਦਾ ਵਣਜ ਕਰਦੇ ਸਨ, ਪਰ ਕਲਰ ਦੀਆਂ ਬੇਕਾਰ ਪੰਡਾਂ ਬੰਨ੍ਹ ਕੇ ਤੁਰ ਗਏ, ਵੀਚਾਰ ਨਾ ਕੀਤੀ ਕਿ ਅਸੀਂ ਨੀਚ ਮੈਲੇ ਅਭਿਮਾਨੀ ਜੀਵ ਵਿਕਾਰਾਂ ਵਿਚੋਂ ਨਿਕਲ ਨਿਰਮਲ ਹੋਈਏ, ਸਗੋਂ ਸਿਰ ਸੁਆਹ ਪਾ, ਪਤ ਗਵਾ ਲਈ। ਪਾਪਾਂ ਭਰੀ ਮਲੀਨ ਮਤ ਨੂੰ ਨਾਮ ਦੇ ਨਾਲ ਧੋਵਣ ਦਾ ਆਹਰ ਨਹੀਂ ਕੀਤਾ ਤੇ ਬਾਕੀ ਜਗਤ ਦੇ ਕੂੜੇ ਤੇ ਝੂਠੇ ਆਹਰਾਂ ਵਿਚ ਲਗਾ ਰਿਹਾ ਤੇ ਇਸੇ ਤਰ੍ਹਾਂ ਮਹਿਲ ਮਾੜੀਆਂ ਤੇ ਹੁਸਨ ਜਵਾਨੀਆ ਵੇਖ ਵੇਖ ਹੀ ਜੀਵਨ ਦੀ ਬਾਜ਼ੀ ਹਾਰ ਲਈ।

ਅਫ਼ਸੋਸ! ਜੇ ਕਦੀ ਥੋੜੀ ਬਬੇਕ, ਵੀਚਾਰ ਕਰ ਕੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸਾਏ ਤੇ ਚਲਾਏ ਸਚੇ ਮਾਰਗ ਦੇ ਪਾਂਧੀ ਬਣ ਜਾਈਏ ਤਾਂ ਕੁਝ ਨਾ ਕੁਝ ਲਾਹਾ ਖਟ ਹੀ ਲਈਏ।

ਅਸੀਂ ਸਾਰੇ ਹੀ ਲਾਹੇ ਕਾਰਣ ਆ ਕੇ ਵੀ ਲਾਹਾ ਨ ਖਟ ਸਕੇ ਤੇ ਸਗੋਂ ਢਿਲੇ ਢਿਲੇ ਹੋ ਜਨਮ ਅਕਾਰਥ ਖੋ ਲਿਆ ਹੈ, ਪਰ ਵੀਚਾਰਵਾਨਾਂ ਨੇ ਹੀ ਇਹ ਸੋਚਿਆ ਕਿ :—

ਅਸੀਂ ਕੀ ਹਾਂ ਤੇ ਕਿਸ ਤਰ੍ਹਾਂ ਭਵਸਾਗਰ ਵਿਚੋਂ ਪਾਰ ਹੋਣਾ ਹੈ। ਸਾਹਿਬਾਂ ਨੇ ਹੁਕਮ ਕੀਤਾ ਹੈ ਭਾਈ ਆਪਣੇ ਮੂਲ ਪਛਾਣੋਂ। ਉਹ ਕਿਉਂ ਤੇ ਕਿਵੇਂ ਪਛਾਣੀਏ ਸਚਾਈ ਤੇ ਇਹ ਹੈ। ਭਾਈ! ਉਹ ਮੂਲ ਅਸੀਂ ਕੇਵਲ ਲਿਖਣ-ਪੜ੍ਹਨ ਸੁਣਨ ਨਾਲ ਹੀ ਨਹੀਂ ਪਛਾਣ ਸਕਦੇ ਸਗੋਂ ਸੁਣ ਕੇ ਮਨ ਦੇ ਅੰਦਰ ਭਉ ਤੇ ਭਾਉ ਰਖ ਕੇ ਅੰਤਰ ਆਤਮੇਂ ਨੂੰ ਸੋਧ ਕੇ ਕਾਂਇਆਂ ਨੂੰ ਧੋ ਸਵਾਰ ਸ਼ਿੰਗਾਰ ਕੇ ਹੀ ਸੱਚਾ ਰੰਗ ਚਾੜ੍ਹ ਸਕਦੇ ਹਾਂ ਕਦੀ ਮੈਲੇ ਤੇ ਕੋਰੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ ਇਸ ਲਈ ਜ਼ਰੂਰਤ ਹੈ ਇਸ ਨੂੰ ਮੈਲ ਰਹਿਤ ਕਰਨ ਲਈ ਧੋਵਣ ਦੀ ਤੇ ਰੰਗ ਚੜ੍ਹਾਉਣ ਦੀ, ਵਾਹ! ਵਾਹ!! ਜੇ ਕਦੀ ਇਹ ਸੱਚਾ ਮਜੀਠੀ ਰੰਗ ਚੜ੍ਹ ਜਾਵੇ ਤੇ ਫਿਰ ਤੇ ਇਹ ਰੋਮ ਰੋਮ ਅੰਦਰ ਹੀ ਅਨਭਵੀ ਜੋਤ ਖੇੜਾ ਲਿਆ ਦੇਂਦੀ ਹੈ। ਇਹ ਭੁਲਾ ਹੋਇਆ ਜੀਵ ਸਹਿਜੇ ਹੀ ਹੁਕਮ ਦਾ ਪਾਲਣਹਾਰ ਬਣ ਮੋਖਸ਼ ਪ੍ਰਾਪਤ ਕਰ ਸਭਾਗਾ ਤੇ ਵਡਿਭਾਗਾ ਬਣ ਜਾਂਦਾ ਹੈ। ਇਸ ਬਿਖਮ ਅੰਧ ਘੋਰ ਸੰਸਾਰ ਗੁਬਾਰ ਵਿਚੋਂ ਜਿਨ੍ਹਾਂ ਨੇ ਅਵਸਥਾ-ਬਿਵਸਥਾ ਪ੍ਰਾਪਤ ਕੀਤੀ ਹੈ ਉਹਨਾਂ ਦੀ ਸੋਭਾ ਤੇ ਸਭਨੀ ਥਾਈਂ ਪ੍ਰਗਟ ਹੋ ਜਾਂਦੀ ਹੈ ਉਹ ਤੇ ਸਭ ਦੇ ਮੀਤ ਸਭ ਦੇ ਪਿਆਰੇ ਸਭ ਦੇ ਸਾਂਝੇ ਸਭ ਦੇ ਨੇੜੇ



www.AKJ.Org

ਸਭ ਤੋਂ ਦੂਰ ਰਹਿ ਕੇ ਆਸਾ ਦਰਸ ਪਿਆਸਾ ਦੇ ਧਾਰਨੀ ਬਣ ਸਹਿਜ ਸਮਾਧ ਅਗਾਧ ਦਾ ਅਨੰਦ ਮਾਣਦੇ ਹਨ ਤੇ ਕਮਾਲ ਦੀ ਬਾਤ ਇਹ ਹੈ ਸਾਧਾਰਨ ਜੀਵ ਜਿਸ ਦੀ ਆਤਮਾਂ ਨੇ ਸਚੇ ਰੰਗ ਪ੍ਰਾਪਤ ਕਰ ਲਏ ਹਨ। ਵੀਚਾਰ ਦੀ ਸਾਰ ਜਾਣ ਲਈ ਹੈ। ਉਨ੍ਹਾਂ ਦੇ ਗੁਪਤ ਭੰਡਾਰਾਂ ਦੇ ਬਜਰ ਕਪਾਟ ਸਹਿਜੇ ਹੀ ਖੁਲ੍ਹ ਜਾਂਦੇ ਹਨ। ਉਹ ਇਤੇ ਸਚੀ ਸੁਚੀ ਅਕਲ ਦੇ ਧਨੀ ਬਣ ਜਾਂਦੇ ਹਨ ਵਡੇ ਵਡੇ ਧਨੀ ਮਾਇਆ-ਧਾਰੀ ਛਤ੍ਰ ਪਤਿ ਅਤੇ ਹੋਰ ਪੜ੍ਹਾਈਆਂ ਪੜ੍ਹਿਆਂ ਨੂੰ ਆਤ-ਮਿਕ ਗਿਆਨ ਦੀ ਸੂਝ ਦੇਣ ਦੇ ਸਮਰੱਥ ਹੋ ਜਾਂਦੇ ਹਨ। ਸਚੇ ਸਾਹਿਬ ਦਾ ਹੁਕਮ ਹੈ ਕਿ ਇਸ ਉਚੀ ਅਵਸਤਾ ਦੇ ਮਾਲਕ ਮਰਜੀਵੜਿਆਂ ਦੀ ਏਡੀ ਵਡੀ ਤਾਕਤ ਹੋ ਜਾਂਦੀ ਹੈ ਕਿ ਸਾਰੇ ਸੰਸਾਰ ਨੂੰ ਇੰਝ ਸਮਝਦੇ ਹਨ। ਜਿਵੇਂ ਮੁਠੀ ਵਿਚ ਪਕੜ ਰਖਿਆ ਹੈ:—

ਜੇਡਾ ਵਡਾ ਪ੍ਰਮੇਸ਼ਰ ਆਪ ਹੈ ਉਸ ਦੀਆਂ ਵਡਿਆਈਆਂ ਵੀ ਉਤਨੀਆਂ ਵਡੀਆਂ ਹਨ। ਉਹ ਆਪਣੇ ਪਿਆਰਿਆਂ ਨੂੰ ਕੁੰਜੀਆਂ ਹੀ ਸੌਂਪ ਦਿੰਦੇ ਹਨ। ਸਾਰੇ ਵਿਸ਼ਵ ਨੂੰ ਸਾਹਮਣੇ ਖੜਾ ਕਰਕੇ ਹੁਕਮ ਕਰਦੇ ਹਨ ਕਿ ਇਸ ਦੇ ਭਲੇ ਲਈ ਆਪਾ ਕੁਰਬਾਨ ਕਰੋ। ਜਗਤ ਦੇ ਪਸਾਰੇ ਅੰਦਰ ਜੋ ਬਿਖਆ ਵਰਤ ਰਹੀ ਹੈ, ਉਸ ਦੇ ਅਸਰ ਨਾਲ ਜੀਵ ਮਦਹੋਸ਼ ਪਏ ਹੋਏ ਹਨ। ਉਹਨਾਂ ਤਾਂਈਂ ਉਠਾਓ ਤੇ ਲਾਓ ਅਕਾਲ ਦੇ ਹੁਕਮ ਦੀ ਕਾਰ-ਕਮਾਵਣ ਵਾਸਤੇ ਕਿਉਂਕਿ ਈਸ਼ਵਰੀ ਹੁਕਮ ਏਹੀ ਹੈ ਕਿ ਐ, ਭੁਲੜ ਮਨੁਖ ਇਹ ਤੇਰੀ ਅਉਸਰ ਤੇ ਵਾਰੀ ਦਾ ਸੁਭਾਗਾ ਸਮਾਂ ਹੈ। ਇਸ ਅਉਸਰ ਤੋਂ ਚੁਕ ਕੇ ਫਿਰ ਤੇ ਗਰਬ-ਜੂਨਾਂ ਦੇ ਵਾਸੀ ਬਣ ਲੰਬੇ ਗੇੜ ਪੈ ਸਭ ਨਰਕਾਂ ਵਿਚ ਫੇਰੇ ਮਾਰਨੇ ਹਨ। ਉਸ ਵੇਲੇ ਫਿਰ ਸਾਰ-ਵੀਚਾਰ ਸੁਧਾਰ ਦਾ ਮੌਕਾ ਕਿਥੋਂ ਮਿਲਨਾ ਹੈ। ਸਾਹਿਬ ਜੀ ਇਸੇ ਵਾਸਤੇ ਤੇ ਇਹ ਹੁਕਮ ਫੁਰਮਾਨ ਕਰਦੇ ਹਨ। ਕਹਿੰਦੇ ਨੇ ਜੀਵ ਤੇਰੀ ਖੇਤੀ ਉਜੜਦੀ ਜਾ ਰਹੀ ਹੈ ਉਠ ਭਾਈ ਜਾਗ ਸਵਾਰ ਲੈ ਸਚੇ ਸਾਹਿਬ ਨੂੰ। ਗਾਫ਼ਲ ਨਾ ਬਣ। ਦੇਖ ਤੇਰੇ ਨਾਲ ਦੇ ਸਾਥੀ ਕਿਧਰ ਚਲੇ ਗਏ। ਤੇਰੀ ਵਾਰੀ ਆਣ ਵਾਲੀ ਹੈ। ਸੰਭਲ ਰਖ ਲੈ ਆਪਣ ਖੇਤੀ ਨਹੀਂ ਤੇ ਕੂੰਜਾਂ ਖਾ ਪੀ ਖ਼ਤਮ ਕਰ ਜਾਣਗੀਆਂ।

ਇਸ ਹਰੇ-ਭਰੇ ਭਾਗ਼ ਨੂੰ ਬਚਾ ਲੈ ਉਸ ਜਗਤ ਦੇ ਵਾਲੀ ਮਾਲੀ ਸਿਰਜਨਹਾਰ ਦਾ ਚਾਕਰ ਬਣਕੇ ਕਰ ਲੈ—ਚਿਤ ਨਾਲ ਚਾਕਰੀ ਤਨ-ਮਨ ਨੂੰ ਅੰਮ੍ਰਿਤ ਦੀ ਪਾਣ ਚਾੜ੍ਹ ਕੇ ਕਹਿ ਲੈ—ਰਾਮ ਦੇ ਨਾਮ ਨੂੰ। ਕਰ ਲੈ ਬੰਦਗੀ ਜਿੰਨਾਂ ਚਿਰ ਦੇਹੀ ਅੰਦਰ ਦਮ ਮੌਜੂਦ ਹੈ। ਨਹੀਂ ਤੇ ਇਹ ਸੁਵਾਸ ਬਿਰਥੇ ਗਏ ਹੋਏ ਫਿਰ ਕਿਸੇ ਕੀਮਤ ਤੇ ਹੱਥ ਨਹੀਂ ਔਣੇ। ਚਲ ਰੇ ਚਲ ਆਲਸ ਨ ਕਰ। ਸਚੀ ਟਕਸਾਲ ਸਾਧ-ਸੰਗਤ ਵਿਚ ਚਲ। ਮਿਲ ਕੇ ਪ੍ਰਭੂ ਦੇ ਗੁਣ ਮਨ ਕਰਕੇ ਚਿਤਾਰ ਹਰਿਨਾਮ ਨੂੰ। ਫਿਰ ਵੇਖ ਲਈਂ ਸਚੇ ਸ਼ਬਦ ਦੀ ਤਾਬ ਕੈਸੀ ਚੜ੍ਹੇਗੀ ਤੇ ਤੇਰੀ ਹਿਰਦੜੀ ਸੇਜਾ ਤੇ ਹਰ ਪਰੇਮ ਪੁਰਖ ਕਿਵੇਂ ਆ ਬੈਠੂ। ਫਿਰ ਤੇ ਭਾਈ ਇਹ ਲਗਾ ਰਾਮ ਰੰਗ ਕਦੇ ਉਤਰੇਗਾ ਨਹੀਂ। ਸਗੋਂ ਨਿਤ-ਨਿਤ ਦੂਣ ਸਵਾਇਆ ਹੋ ਕੇ ਵਾਧੇ ਹੀ ਵਾਧੇ ਵਿਚ ਜਾਵੇਗਾ। ਤਨ ਦੇ ਉਤੇ ਨੂਰੀ ਚਮਤਕਾਰ ਦਾ ਵਾਸਾ ਹੋ ਜਾਵੇਗਾ ਤੇ ਇਸ ਮਾਣਸ ਜਨਮ ਦਾ ਨਿਸਤਾਰਾ ਪਾਰ ਉਤਾਰਾ ਕਰੇਗਾ। ਸਜਣਾ ਤੂੰ ਆਪਣੇ ਇਕਰਾਰ ਤੇ ਪਕਾ ਰਹਿ ਤੇ ਵੇਖੀਂ ਤੇਰੀ ਪ੍ਰੀਤਮ ਪਿਆਰੇ ਸਿਰਜਨਹਾਰੇ ਕਿਵੇਂ ਸਾਰ ਸੰਭਾਲਦੇ ਹਨ। ਤੇਰੇ ਤੇ ਨਿਹਾਲ ਹੋ ਰੰਗ ਚਾੜ੍ਹ ਜੀਵਨ ਮੁਕਤ ਕਰਕੇ ਨਿਹਾਲ ਕਰਦੇ ਹਨ।

ਮੇਰੇ ਮੀਤ ਪਿਆਰਿਓ ਸਖੀ ਸਹੇਲੀਹੋ ਸਾਨੂੰ ਗਰਭ-ਗੁਮਾਨ ਤਿਆਗਣ ਤੋਂ ਬਿਨਾਂ ਇਹ ਵਡ-ਮੁਲੀ ਦਾਤ ਕਿਥੋਂ ਤੇ ਕਿਵੇਂ ਮਿਲੇ ਕਿਉਂਕਿ ਅਸਾਂ ਇਸ ਮਨੁਖਾ ਦੇਹੀ ਨੂੰ ਪ੍ਰਾਪਤ ਕਰ ਕੇ ਵੀ ਧਰਮ ਦਾ ਰਾਹ ਨਹੀਂ ਫੜਿਆ।

ਸਾਧੂ ਸੰਗਤ ਦੀ ਸੇਵਾ ਨਹੀਂ ਕੀਤੀ ਤੇ ਸਗੋਂ ਆਪਣੀ ਹੈਂਕੜ ਵਿਚ ਹੀ ਨੀਚ ਕਰਮ ਕਰ ਕਰ ਕੇ ਆਵਾ ਗਵਣ ਵਿਚ ਫਸ ਕੇ ਆਪਾ ਖਤਮ ਕਰ ਖਾਲੀ ਹੱਥ ਇਥੋਂ ਟੁਰ ਜਾਵਾਂਗੇ। ਕੀ ਸਾਡਾ ਇੰਨਾ ਕੁ ਹੀ ਕੰਮ ਤੇ ਫਰਜ਼ ਹੈ? ਨਹੀਂ ਨਹੀਂ ਅਸੀਂ ਤੇ ਆਪੇ ਵਿਚ ਲੀਨ ਹੋਣਾ ਹੈ।


www.AKJ.Org

ਜਗਤ-ਗੁਰੂ ਸੁਆਮੀ ਦੇ ਹੁਕਮ ਦੀ ਕਾਰ ਕਮਾ ਕੇ ਨਦਰੀ ਨਦਰ ਨਿਹਾਲ ਹੋ ਕੇ ਵਡਿਭਾਗੀ ਬਣ, ਸਭ ਨੂੰ ਸਾਜਨ ਮੀਤ ਸਖਾ ਬੰਧਪ ਸਮਝ ਕੇ ਆਪਣਾ ਪਾਰ ਉਤਾਰਾ ਕਰਨਾ ਹੈ। ਸਚੇ ਦੀ ਸਚੀ ਕਾਰ ਕਮਾ ਕੇ ਸਚੀ ਦਰਗਾਹ ਅੰਦਰ ਸੇਵਕ ਬਣ ਕੇ ਜਾਣਾ ਹੈ। ਸਚਾ ਪਿੜ ਮੱਲ ਕੇ ਆਦਰ ਪਾਣਾ ਹੈ। ਸਚੇ ਸਾਂਈਂ ਨਾਲ ਇਕ ਹੋਣਾ ਹੈ।

ਸਚਾ ਸੁਹਾਗ ਪ੍ਰਾਪਤ ਕਰਨਾ ਹੈ। ਇਹ ਸਭ ਕੁਝ ਸਚੀ ਵੀਚਾਰ ਵਿਚੋਂ ਮਿਲੇਗਾ।

ਇਹ ਦਾਤਾਂ ਭਗਵਾਨ ਜੀ ਉਸੇ ਨੂੰ ਹੀ ਦਿਆਲ ਹੋ ਕੇ ਦਿੰਦੇ ਹਨ, ਜੋ ਬ੍ਰਹਮ ਦੀ ਵੀਚਾਰ ਜਾਨਣ ਵਾਲੇ ਹਨ। ਕਚ ਨੂੰ ਛਡ ਕੰਚਨ ਵਿਹਾਝਦੇ ਹਨ। ਸਾਹਿਬ ਜੀ ਦਾ ਹੁਕਮ ਹੈ:

ਅਕਲੀਂ ਸਾਹਿਬ ਸੇਵੀਏ ਅਕਲੀਂ ਪਾਈਏ ਮਾਨੁ।
ਅਕਲੀਂ ਪੜ ਕੇ ਬੁਝੀਏ ਅਕਲੀਂ ਕੀਚੇ ਦਾਨ।
ਨਾਨਕ ਆਖੇ ਰਾਹੋ ਇਹੁ ਹੋਰ ਗਲਾਂ ਸ਼ੈਤਾਨ।

ਗੁਰ ਪ੍ਰਸਾਦੀ ਵਿਦਿਆ ਵੀਚਾਰੇ ਪੜ੍ਹ ਪੜ੍ਹ ਪਾਵੈ ਮਾਨ, ਭਾਈ ਇਹ ਗੱਲ ਯਾਦ ਰਖਣੀ ਹੈ ਕਿ ਬੁਧੀ ਵਿਦਿਆ ਵਿਚਾਰ ਦੀ ਅਯੋਗ ਵਰਤੋਂ ਨ ਹੋਵੇ। ਸਿਰ ਸਾਰੇ ਟੋਲ ਸੁਹਾਵਣੇ ਹੋ ਜਾਂਦੇ ਹਨ। ਜੀਵ ਦੀ ਅਕਲ ਸਿਆਣਪ ਵੀਚਾਰ ਨਾਲ ਲੇਖੇ ਲਗ ਜਾਂਦੀ ਹੈ ਤੇ ਗੁਰੂ ਬਾਬੇ ਦਾ ਸਾਦਿਕ ਸਿਖ ਬਣਨ ਦਾ ਮਾਣ ਪ੍ਰਾਪਤ ਹੁੰਦਾ ਹੈ। ਲਾਲ ਰੰਗ ਲਗ ਜਾਂਦਾ ਹੈ।

ਇਕ ਅਕਾਲ ਪੁਰਖ ਦੇ ਭੈ ਤੋਂ ਬਿਨਾਂ ਬਾਕੀ ਵੇਸ ਕਿਸੇ ਕੰਮ ਨਹੀਂ ਆਉਂਦੇ ਜਿਵੇਂ ਜੀਵ ਸਿਰਜਨਹਾਰ ਦੀ ਉਪਾਸ਼ਨਾ ਛਡ ਕੇ ਦੇਵੀਆਂ ਦੇਵਤਿਆਂ ਨਾਲ ਪਿਆਰ ਪਾ ਬਹਿੰਦੇ ਹਨ। ਉਹਨਾਂ ਦਾ ਹਾਲ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਕੁਲਛਣੀ ਇਸਤ੍ਰੀ ਪਤੀ ਨੂੰ ਛਡ ਪਰ-ਪੁਰਖ ਨਾਲ ਪਿਆਰ ਪਾ ਬੈਠੇ ਤੇ ਉਹ ਸ਼ੀਲ ਸੁਭਾਗ ਤੇ ਚੰਗੇ ਗੁਣ ਤਿਆਗ ਦੇਂਦੀ ਹੈ। ਸਦਾ ਝੂਠ ਬੋਲਦੀ ਹੈ। ਪਤੀ ਤੋਂ ਮਨਮੁਖ ਹੋ ਕੇ ਆਪ-ਹੁਦਰੀਆਂ ਕਰਦੀ ਹੈ। ਪਰ ਅੰਤ ਨੂੰ ਖੁਆਰ ਹੁੰਦੀ ਹੈ।

ਜਿਸ ਜਗਿਆਸੂ ਦੇ ਲੇਖਾਂ ਵਿਚ ਚੰਗਾ ਲੇਖ ਹੋਵੇ ਉਸ ਨੂੰ ਸਤਿਗੁਰੂ ਪਤੀ ਮਿਲਦਾ ਹੈ ਤੇ ਉਹ ਜੀਵ-ਆਤਮਾਂ ਸਹੁਰੇ ਪੇਕੇ ਸੁਖ ਤੇ ਸੋਭਾ ਪ੍ਰਾਪਤ ਕਰਦੀ ਹੈ। ਲੋਕ ਪ੍ਰਲੋਕ ਵਿਚ ਸਚੀ ਸੋਭਾ ਮਿਲਦੀ ਹੈ।

ਐਸੀ ਵਿਚਾਰਵਾਨ ਆਤਮਾਂ ਆਮ ਜੀਵ ਆਤਮਾਂ ਨਾਲੋਂ ਖਾਸ ਮਹਿਤਵ ਪੂਰਨ ਹੋ ਜਾਂਦੀ ਹੈ ਤੇ ਉਹ ਸਿਰਜਨਹਾਰ ਦੀ ਪਿਆਰੀ ਹੋਰ ਜੀਵ ਰੂਪੀ ਇਸਤ੍ਰੀਆਂ ਨਾਲ ਰਲਾਈ ਨਹੀਂ ਰਲਦੀ ਕਿਉਂਕਿ ਉਸ ਨੇ ਅਕਾਲ਼ ਪੁਰਖ ਪਤੀ ਪ੍ਰਮੇਸ਼ਰ ਦਾ ਲੜ ਫੜਿਆ ਹੈ, ਤੇ ਗੁਰਮੁਖਿ ਸਦਾ ਸੁਹਾਗਣੀ ਦੀ ਪਦਵੀ ਪ੍ਰਾਪਤ ਕਰ ਲੀਤੀ ਹੈ। ਉਸਨੇ ਇਹ ਸਸਝ ਲਿਆ ਹੈ ਕਿ ਕਸੁੰਭੇ ਵਾਂਗ ਵਿਸ਼ਿਆਂ ਦਾ ਕਚਾ ਅਨੰਦ ਰਾਤ ਦੇ ਸੁਪਨਿਆਂ ਵਾਂਗ ਹੀ ਹੈ ਅਤੇ ਇੰਜ ਹੈ ਜਿਵੇਂ ਧਾਗੇ ਤੋਂ ਬਿਨਾਂ ਗਲ ਵਿਚ ਹਾਰ ਪਾਇਆ ਹੋਵੇ।

ਗੁਰਮੁਖਿ ਨੂੰ ਅਕਾਲ ਪੁਰਖ ਵਾਹਿਗੁਰੂ ਜੀ ਦੀ ਬ੍ਰਹਮ-ਵਿਚਾਰ ਕਰਨ ਨਾਲ ਮਜੀਠੀ ਸਚਾ ਅਨੰਦ ਦੇ ਰੰਗ ਪ੍ਰਾਪਤ ਹੁੰਦਾ ਹੈ:—

ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ।
ਸਚਾ ਰੰਗ ਮਜੀਠ ਦਾ ਗੁਰਮੁਖਿ ਬ੍ਰਹਮ ਵੀਚਾਰੁ।
ਨਾਨਕ ਪ੍ਰੇਮ ਮਹਾ ਰਸੀ ਸਭ ਬੁਰਾਈਆ ਛਾਰੁ।

ਇਉਂ ਜਿਹੜੀ ਗੁਰਮੁਖਿ ਇਮਤ੍ਰੀ ਪ੍ਰੇਮ ਕਰ ਕੇ ਮਹਾਂ ਅਨੰਦ ਰਸ ਵਾਲੀ ਬਣ ਜਾਂਦੀ ਹੈ। ਉਸ ਦੀਆਂ ਬੁਰਾਈਆਂ ਸਭ ਸੁਆਹ ਹੋ ਜਾਂਦੀਆਂ ਹਨ। ਉਸ ਦੀ ਝੋਲੀ ਵਿਚ ਬਖਸ਼ਸ਼ ਦਾ ਖਜ਼ਾਨਾ ਨਾਮ-ਨਿਧੀਆਂ ਦੀ ਦਾਤ ਆ ਜਾਂਦੀ ਹੈ ਤੇ ਉਸ ਦਾ ਮਨ, ਤਨ ਲਾਲ ਰੰਗ ਅਨੰਦ ਵਾਲਾ ਹੋ ਆਉਂਦਾ ਹੈ ਤੇ ਰਸਨਾ ਗੁਣਾਂ ਦੇ ਸੰਭਾਲਣ ਵਿਚ ਰਤੀ ਜਾਂਦੀ ਹੈ। ਫਿਰ ਉਸਦਾ ਮਨ ਚਿੰਤਾ ਵਿਚ ਨਹੀਂ ਪੈਂਦਾ। ਜਿਵੇਂ ਮੀਂਹ ਵਰ੍ਹਣ ਨਾਲ ਗਲੀਆਂ ਨਾਲਿਆਂ ਟੋਬਿਆਂ ਦਾ ਜਲ ਗੰਗਾ ਨਾਲ ਮਿਲਕੇ ਪਵਿਤ੍ਰ ਹੋ ਜਾਂਦਾ ਹੈ। ਇਸੇ ਤਰ੍ਹਾਂ ਅਕਾਲ ਪੁਰਖ ਨਾਲ ਜੁੜੀ ਮਲੀਨ ਤੋਂ ਮਲੀਨ ਆਤਮਾਂ ਪਵਿਤ੍ਰ ਹੋ ਰੰਗੀ ਤੇ ਸਵਾਰੀ ਜਾਂਦੀ ਹੈ।

(ਚਲਦਾ)



www.AKJ.Org

# ਕੀ ਸਾਡੀ ਮੰਜ਼ਲ ਖੋ ਗਈ ?

(ਵਲੋਂ :—ਭਾਈ ਗਿਆਨ ਸਿੰਘ ਜੀ 'ਸਿੰਦਰੀ')

ਇਕ ਘੋੜਾ ਗੱਡੀ ਅੱਧੀ ਰਾਤ ਦੇ ਸਮੇਂ ਇਕ ਸ਼ਹਿਰ ਤੋਂ ਬਾਹਰ ਨਿਕਲੀ। ਗੱਡੀ ਬੜੀ ਤੇਜ਼ੀ ਨਾਲ ਘੱਟਾ ਉਡਾਂਦੀ ਹੋਈ ਆਪਣੀ ਮੰਜ਼ਲ ਵਲ ਚਲ ਰਹੀ ਸੀ। ਘੋੜਾ ਗੱਡੀ ਵਿਚ ਬੈਠੇ ਵਿਅਕਤੀ ਨੇ ਗਾੜੀ-ਬਾਨ ਨੂੰ ਪੁਛਿਆ ਕਿ ਸਾਡੇ ਸਾਥੀ ਨਹੀਂ ਆਏ ? ਗਾੜੀਬਾਨ ! ਆ ਰਹੇ ਹੋਣਗੇ ਘਬਰਾਉ ਨਹੀਂ ਉਹਨਾਂ ਦੀ ਰਫਤਾਰ ਸਾਡੇ ਨਾਲੋਂ ਤੇਜ਼ ਹੈ। ਉਹ ਹੁਣੇ ਹੀ ਅਵੱਸ਼ ਸਾਨੂੰ ਆ ਮਿਲਣਗੇ।

ਚਲਦਿਆਂ ਚਲਦਿਆਂ ਘੋੜਾ ਗਡੀ ਘਨੇ ਜੰਗਲ ਵਿਚ ਪੁਜ ਗਈ ਤੇ ਨਾਲ ਦੇ ਸਾਥੀ ਵੀ ਆ ਪੁਜੇ। ਰਾਤ ਦੇ ਦੋ ਵਜ ਚੁਕੇ ਸਨ ਭਿੰਨੀ ਰੈਣ ਦੇ ਤਾਰੇ ਚਮਕਾਂ ਮਾਰ ਰਹੇ ਸਨ।

ਇਸ ਜੰਗਲ ਨੂੰ ਮੰਗਲ ਬਨਾਣ ਵਾਲਾ ਗੁਰੂ ਕਾ ਲਾਲ ਇਸ਼ਨਾਨ ਕਰ ਕੇ ਤਲਾਬ (ਟੋਭੇ) ਦੇ ਕੰਢੇ ਤੇ ਬੈਠ ਕੇ ਸ਼ਬਦ ਸੁਰਤ ਦੇ ਮੇਲ ਵਿਚ ਮਗਨ ਸੀ। ਆਪਣੇ ਪ੍ਰੀਤਮ ਦੇ ਚਰਨਾਂ ਕਮਲਾਂ ਵਿਚ ਸੁਰਤ ਚੁਭੀ ਹੋਈ ਸੀ। ਇਸ ਗੁਰੂ ਦੇ ਲਾਲ ਦੇ ਕੰਨਾਂ ਵਿਚ ਆਵਾਜ਼ ਆਈ। ਬਚਾਉ ! ਬਚਾਉ !! ਮਾਰ ਗਏ ! ਲੁਟ ਗਏ !! ਗੁਰੂ ਕੇ ਲਾਲ ਨੇ ਝਟ ਪਟ ਆਪਣੀ ਦਸਤਾਰ ਸਜਾਈ ਤੇ ਸ਼ਸਤਰਾਂ ਨੂੰ ਲੈ ਕੇ ਆਪਣੀ ਰਾਕੀ ਤੇ ਸਵਾਰੀ ਕੀਤੀ ਤੇ ਬੜੀ ਤੇਜ਼ੀ ਨਾਲ ਆਵਾਜ਼ ਦੀ ਸੇਧ ਰੱਖ ਕੇ ਉਸ ਜਗਾ ਪੁਜ ਗਿਆ। ਕੀ ਵੇਖਦਾ ਹੈ ਕਿ ਘੋੜੇ ਗਡੀ ਵਿਚ ਇਕ ਨੌਜਵਾਨ ਲੜਕੀ ਨੂੰ ਡਾਕੂ ਲੁਟ ਰਹੇ ਹਨ ਤੇ ਉਸਦੇ ਗਹਿਣੇ ਉਤਾਰ ਰਹੇ ਹਨ। ਉਹ ਚੀਕ ਰਹੀ ਹੈ ਹੋਰ ਉਸ ਦੇ ਸਾਥੀ ਸਾਥ ਨਹੀਂ ਹਨ। ਸਿੰਘ ਜੀ ਨੇ ਆਪਣੇ ਸ਼ਸਤਰਾਂ ਨੂੰ ਐਸੀ ਤੇਜ਼ੀ ਨਾਲ ਚਲਾਇਆ ਕਿ ਸਭ ਡਾਕੂਆਂ ਨੂੰ ਜ਼ਖ਼ਮੀ ਕਰ ਕੇ ਭਜਾ ਦਿਤਾ ਤੇ ਕੁਝ ਨੂੰ ਸਦਾ ਦੀ ਨੀਂਦ ਸਵਾ ਦਿਤਾ।

ਸਿੰਘ ਜੀ ਨੇ ਲੜਕੀ ਤੋਂ ਪੁਛਿਆ, ਬੀਬੀ ਤੂੰ ਕਿਥੇ ਜਾਣਾ ਹੈ ?

ਉਤਰ ਬੀਬੀ—ਮੈਂ ਆਪਣੇ ਘਰ ਵਾਪਸ ਜਾਊਂਗੀ।

ਸਿੰਘ ਜੀ—ਤੇਰੇ ਸਾਥੀ ਕਿਥੇ ਹਨ ?

ਬੀਬੀ:—ਜੀ ਉਹ ਡਾਕੂਆਂ ਦਾ ਮੁਕਾਬਲਾ ਨਹੀਂ ਕਰ ਸਕੇ ਤੇ ਮੈਦਾਨ ਛੱਡਕੇ ਭਜ ਗਏ ਹਨ। ਏਨੇ 'ਚ ਗਾਡੀਬਾਨ ਜੋ ਛੁਪ ਗਿਆ ਸੀ ਆ ਨਿਕਲਿਆ। ਸਿੰਘ ਜੀ ਨੇ ਪੁਛਿਆ ! ਤੂੰ ਕੌਣ ਹੈਂ ? ਮੈਂ ਜੀ ਗਾਡੀਬਾਨ ਹਾਂ। ਸਿੰਘ ਜੀ ਚਲ ਇਸ ਬੀਬੀ ਨੂੰ ਇਸ ਦੇ ਘਰ ਵਾਪਸ ਲੈ ਚਲ ਜਿਥੇ ਇਹ ਜਾਣਾ ਚਾਹੁੰਦੀ ਹੈ। ਗਾਡੀਬਾਨ ਨੇ ਗਾਡੀ ਵਾਪਸ ਤੋਰ ਲਈ ਸਵੇਰ ਹੁੰਦਿਆਂ ਹੀ ਇਹ ਗਾਡੀ ਆਪਣੇ ਸ਼ਹਿਰ ਲਾਗੇ ਪੁਜ ਗਈ। ਇਸ ਦੀ ਰਾਖੀ ਲਈ ਸਿੰਘ ਜੀ ਵੀ ਨਾਲ ਨਾਲ ਚਲਿਆ ਆ ਰਿਹਾ ਸੀ। ਸਿੰਘ ਜੀ ਬੋਲੇ ਬੀਬੀ ਤੇਰਾ ਸ਼ਹਿਰ ਆ ਗਿਆ ਹੈ ਮੈਂ ਵਾਪਸ ਜਾਂਦਾ ਹਾਂ। ਹੁਣ ਤੂੰ ਬੇਡਰ ਆਪਣੇ ਘਰ ਜਾ ਸਕਦੀ ਹੈਂ।

ਉਸ ਲੜਕੀ ਨੇ ਸਿੰਘ ਜੀ ਨੂੰ ਪੁਛਿਆ ਪਰਉਪਕਾਰੀ ਸਿੰਘ ਜੀ ਆਪ ਜੀ ਦਾ ਨਾਮ ਕੀ ਹੈ ?

ਸਿੰਘ ਜੀ :—ਦਾਸ ਦਾ ਨਾਮ ਪ੍ਰੀਤਮ ਸਿੰਘ ਹੈ।

ਬੀਬੀ:—ਤੁਸਾਂ ਐਡਾ ਵਡਾ ਪ੍ਰਉਪਕਾਰ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਕੀਤਾ ਹੈ ਤੁਹਾਨੂੰ ਇਸ ਦਾ ਕੀ ਲਾਭ ਹੈ ?

ਸਿੰਘ ਜੀ :—ਮੈਨੂੰ ਮੇਰੇ ਗੁਰੂ ਦੀ ਖੁਸ਼ੀ ਪ੍ਰਾਪਤ ਹੋਵੇਗੀ।

ਬੀਬੀ :—ਤੁਹਾਡੇ ਪਕੜਨ ਲਈ ਮੇਰੇ ਪਿਤਾ ਨਵਾਬ ਜਲੰਧਰ ਨੇ ਇਨਾਮ ਰਖਿਆ ਹੈ। ਪਰ ਅੱਜ ਤੋਂ ਤਹਾਨੂੰ ਕੋਈ ਪਕੜੇਗਾ ਨਹੀਂ ਤੁਸੀਂ ਅਪਰਾਧੀ ਨਹੀਂ ਬਲਕਿ ਪ੍ਰਉਪਕਾਰੀ ਹੋ।

ਸਿੰਘ ਜੀ ਨੇ ਘੋੜਾ ਵਾਪਸ ਮੋੜਿਆ ਤੇ ਆਪਣੇ ਟਿਕਾਣੇ ਤੇ ਜਾ ਪੁਜਾ। ਇਹ ਸੀ ਨਵਾਬ ਜਲੰਧਰ

(ਬਾਕੀ ਦੇਖੋ ਲੇਖ ਸੂਚੀ ਥੱਲੇ)



www.AKJ.Org

'SURA' (*Fourtnightly*) Patiala. Registred No. 79

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ਜੇਲ੍ਹ ਚਿੱਠੀਆਂ | ੫-੦੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ |
| ਗੁਰਮਤ ਲੇਖ | ੨-੫੦ |
| ਗੁਰਮਤ ਬਬੇਕ | ੩-੦੦ |
| ਸੱਚਖੰਡ ਦਰਸ਼ਨ | ੦-੭੫ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ਚਰਨ ਕਮਲ ਕੀ ਮਉਜ | ੦-੯੦ |
| ਅਣਡਿਠੀ ਦੁਨੀਆਂ | ੪-੦੦ |
| ਅੰਮ੍ਰਿਤ ਕਲਾ | ੦-੪੦ |
| ਅੰਮ੍ਰਿਤ ਕੀ ਹੈ ? | ੦-੩੦ |
| ਸੁਪਨਾ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੨੦ |
| ਗਯਾਨ ਚਾਨਣਾ | ੦-੧੦ |
| ਰੰਗਲੇ ਸਜਣ | ੨-੫੦ |
| ਸਿੱਖ ਕੌਣ ਹੈ ? | ੦-੧੫ |
| ਆਸਤਕ ਨਾਸਤਕ | ੦-੧੫ |
| ਕੋ ਵਿਰਲਾ ਗੁਰਮਤਿ ਚਲੈ | ੦-੨੦ |
| ਸਚੀਆਂ ਦਾਹੜੀਆਂ | ੦-੧੨ |
| ਸੰਤ ਪਦ ਨਿਰਣੇ | ੨-੨੫ |
| ਗੁਰਮਤ ਰਮਜ਼ਾਂ | ੦-੬੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੦-੨੦ |
| ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਵਾਹਿਗੁਰੂ ਸਿਮਰਨ | ੦-੨੦ |
| ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਗੁਰਮਤ ਵਿਚਾਰ | ੦-੮੦ |
| ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਨਾਮ ਸਬੰਧੀ ਵਿਚਾਰ | ੦-੫੦ |
| ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੧੦-੦੦ |
| ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ। ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ।

www.AKJ.Org